ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 13 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੨੯ ਭਾਦਰੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸੋਸ਼ਲ ਮੀਡੀਆ ਮੰਚਾਂ ’ਤੇ ਸਿੱਖ ਅਤੇ ਮੁਸਲਮਾਨਾਂ ਦੇ ਭੇਸ ਅਤੇ ਨਾਵਾਂ ਵਾਲੇ ਖਾਤੇ ਬਣਾ ਕੇ

# ਟਕਰਾਅ ਪੈਦਾ ਕਰਨ ਦਾ ਰੁਝਾਨ ਬੇਹੱਦ ਨੀਚਤਾ ਭਰਿਆ : ਸਿੰਘ ਸਾਹਿਬ

**ਅੰਮ੍ਰਿਤਸਰ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਵਿਦੇਸ਼ਾਂ ਵਿਚ ਟਿਕਟੋਕ ਵਰਗੇ ਸੋਸ਼ਲ ਮੀਡੀਆ ਮੰਚਾਂ ਸਿੱਖ ਅਤੇ ਮੁਸਲਮਾਨਾਂ ਦੇ ਭੇਸ ਅਤੇ ਨਾਵਾਂ ਵਾਲੇ ਖਾਤੇ ਬਣਾ ਕੇ ਸਿੱਖ ਅਤੇ ਇਸਲਾਮ ਧਰਮ ਵਿਚਾਲੇ ਟਕਰਾਅ ਪੈਦਾ ਕਰਨ ਦੇ ਨੀਚਤਾ ਭਰੇ ਰੁਝਾਨ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਆਖਿਆ ਹੈ ਕਿ ਕਿਸੇ ਵੀ ਦੂਜੇ ਧਰਮ ਅਤੇ ਉਨ੍ਹਾਂ ਦੇ ਪੀਰ-ਪੈਗੰਬਰਾਂ ਦੇ ਖ਼ਿਲਾਫ਼ ਅਪਮਾਨਜਨਕ ਸੋਚ ਰੱਖਣ ਵਾਲਾ ਮਨੁੱਖ ਕਿਸੇ ਵੀ ਧਰਮ ਦਾ ਪੈਰੋਕਾਰ ਨਹੀਂ ਹੋ ਸਕਦਾ।

ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਕੀਤੇ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਉਨ੍ਹਾਂ ਕੋਲ ਕੁਝ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਵਿਦੇਸ਼ਾਂ ਵਿਚ ਕੁਝ ਸਿੱਖਾਂ ਦੇ ਨਾਵਾਂ ਅਤੇ ਤਸਵੀਰਾਂ ਵਾਲੇ ਟਿਕਟੋਕ ਖਾਤੇ ਬਣਾ ਕੇ ਇਸਲਾਮ ਧਰਮ ਦੇ ਖ਼ਿਲਾਫ਼ ਅਤੇ ਕੁਝ ਮੁਸਲਮਾਨਾਂ ਦੇ ਨਾਵਾਂ ਅਤੇ ਤਸਵੀਰਾਂ ਵਾਲੇ ਟਿਕਟੋਕ ਖਾਤਿਆਂ ਤੋਂ ਸਿੱਖ ਧਰਮ ਦੇ ਖ਼ਿਲਾਫ਼ ਬੇਹੱਦ ਅਪਮਾਨਜਨਕ ਅਤੇ ਨਫਰਤ ਭਰਿਆ ਕੂੜ ਪ੍ਰਚਾਰ ਹੋ ਰਿਹਾ ਹੈ। ਇਹ ਸਭ ਕੁਝ ਨਾ ਤਾਂ ਕੋਈ ਸੱਚਾ ਸਿੱਖ ਕਰ ਰਿਹਾ ਹੈ ਅਤੇ ਨਾ ਹੀ ਸੱਚਾ ਮੁਸਲਮਾਨ, ਬਲਕਿ ਇਹ ਕਿਸੇ ਸਮਾਜ ਵਿਰੋਧੀ ਸ਼ਕਤੀ ਦੀ ਡੂੰਘੀ ਸਾਜ਼ਿਸ਼ ਤਹਿਤ ਦੋਵਾਂ ਧਰਮਾਂ ਨੂੰ ਆਪਸ ਵਿਚ ਲੜਾਉਣ ਦੀਆਂ ਨੀਚਤਾ ਭਰੀਆਂ ਹਰਕਤਾਂ ਦਾ ਹਿੱਸਾ ਹੈ। ਉਨ੍ਹਾਂ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਨੂੰ ਅਜਿਹੇ ਗੁੰਮਰਾਹਕੁੰਨ ਅਤੇ ਖ਼ਤਰਨਾਕ ਕੂੜ ਪ੍ਰਚਾਰ ਤੋਂ ਸੁਚੇਤ ਰਹਿੰਦਿਆਂ ਦਸ ਗੁਰੂ ਸਾਹਿਬਾਨ ਦੇ ਆਸ਼ੇ ਮੁਤਾਬਿਕ ਆਪਣੇ ਧਰਮ ਵਿਚ ਪ੍ਰਪੱਕ ਰਹਿਣ ਤੇ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਦਾ ਸਤਿਕਾਰ ਕਰਨ ਦਾ ਆਦੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਦੇ ਮੁਸਲਮਾਨ ਭਾਈਚਾਰੇ ਨੂੰ ਵੀ ਆਗਾਹ ਹੋਣ ਦੀ ਲੋੜ ਹੈ ਅਤੇ ਜਿਹੜਾ ਵੀ ਕੋਈ ਸੋਸ਼ਲ ਮੀਡੀਆ ਦੇ ਕਿਸੇ ਮੰਚ ‘ਤੇ ਸਿੱਖ ਭੇਸ ਜਾਂ ਨਾਮ ਦੇ ਜ਼ਰੀਏ ਇਸਲਾਮ ਧਰਮ ਦੇ ਖ਼ਿਲਾਫ਼ ਗਲਤ ਬਿਆਨਬਾਜ਼ੀ ਕਰਦਾ ਹੈ, ਉਸ ਨੂੰ ਸਿੱਖ ਨਾ ਸਮਝਿਆ ਜਾਵੇ ਅਤੇ ਉਸ ਦੇ ਜਵਾਬ ਵਿਚ ਸਿੱਖ ਧਰਮ ਦੇ ਖ਼ਿਲਾਫ਼ ਬੋਲਣ ਦੀ ਬਜਾਇ ਇਸ ਅਦਿੱਖ ਡੂੰਘੀ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਕਾਨੂੰਨੀ ਤਰੀਕੇ ਨਾਲ ਇਸ ਨਫਰਤ ਭਰੇ ਪ੍ਰਚਾਰ ਨੂੰ ਰੋਕਣ ਦੇ ਯਤਨ ਕੀਤੇ ਜਾਣ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਸਿੱਖ ਧਰਮ ਇਸ ਸਾਜ਼ਿਸ਼ ਨੂੰ ਨੰਗਾ ਕਰਨ ਲਈ ਹਰ ਤਰੀਕੇ ਨਾਲ ਮੁਸਲਮਾਨ ਭਾਈਚਾਰੇ ਦੇ ਨਾਲ ਖੜ੍ਹਾ ਹੈ ਅਤੇ ਦੁਵੱਲੀ ਨਫਰਤ ਪੈਦਾ ਕਰਨ ਵਾਲੀਆਂ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਮੁਸਲਮਾਨ ਭਾਈਚਾਰੇ ਨੂੰ ਵੀ ਸਿੱਖ ਕੌਮ ਨਾਲ ਸਹਿਯੋਗ ਕਰਨਾ ਚਾਹੀਦਾ ਹੈ।

ਸਿੱਖ ਧਰਮ ਇਸ ਸਾਜ਼ਿਸ਼ ਨੂੰ ਨੰਗਾ ਕਰਨ ਲਈ ਹਰ ਤਰੀਕੇ ਨਾਲ ਮੁਸਲਮਾਨ ਭਾਈਚਾਰੇ ਦੇ ਨਾਲ ਖੜ੍ਹਾ ਹੈ ਅਤੇ ਦੁਵੱਲੀ ਨਫਰਤ ਪੈਦਾ ਕਰਨ ਵਾਲੀਆਂ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਮੁਸਲਮਾਨ ਭਾਈਚਾਰੇ ਨੂੰ ਵੀ ਸਿੱਖ ਕੌਮ ਨਾਲ ਸਹਿਯੋਗ ਕਰਨਾ ਚਾਹੀਦਾ ਹੈ।






## ਇਕਬਾਲ ਸਿੰਘ ਲਾਲਪੁਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੰਗੀ ਮੁਆਫ਼ੀ

**ਅੰਮ੍ਰਿਤਸਰ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ’ਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ



ਇਕਬਾਲ ਸਿੰਘ ਲਾਲਪੁਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਪਣੀ ਗਲਤੀ ਲਈ ਮੁਆਫ਼ੀ ਮੰਗੀ ਹੈ। ਉਸ ਨੇ ਇਕ ਪੱਤਰ ਭੇਜਿਆ ਹੈ, ਜਿਸ ਵਿਚ ਉਸ ਨੇ ਬਿਨਾਂ ਕੋਈ ਦਲੀਲ ਦਿੱਤੇ ਆਪਣੀ ਗਲਤੀ ਮੰਨਣ ਦੀ ਗੱਲ ਕਹੀ ਹੈ। ਲਾਲਪੁਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਭੇਜਿਆ ਹੈ। ਜਿਸ ਵਿੱਚ ਉਸਨੇ ਕਿਹਾ ਹੈ ਕਿ 8 ਸਤੰਬਰ 2024 ਨੂੰ ਦਿੱਲੀ ਦੇ ਦਿਆਲ ਕਾਲਜ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਕਹਿਣ ਦਾ ਦੋਸ਼ ਲਗਾਇਆ ਗਿਆ ਸੀ। ਜਿਸ ’ਤੇ ਉਹ ਬਿਨਾਂ ਕਿਸੇ ਦਲੀਲ ਜਾਂ ਸਪੱਸ਼ਟੀਕਰਨ ਦੇ ਮੁਆਫੀ ਮੰਗਦਾ ਹੈ। ਉਨ੍ਹਾਂ ਅੱਗੇ ਲਿਖਿਆ ਕਿ ਮੈਂ ਕਿਸੇ ਵੀ ਦਲੀਲ ਵਿੱਚ ਫਸੇ ਬਿਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਸੰਸਥਾ ਦੇ ਸਤਿਕਾਰ ਨੂੰ ਪੂਰੀ ਤਰ੍ਹਾਂ ਸਮਰਪਿਤ ਹਾਂ। ਉਹ ਨਾ ਸਿਰਫ਼ ਇਸ ਗ਼ਲਤੀ ਲਈ ਸਗੋਂ ਇਸ ਦੁਨੀਆਂ ਵਿਚ ਰਹਿੰਦਿਆਂ ਹੋਈ ਹਰ ਗ਼ਲਤੀ ਲਈ ਮੁਆਫ਼ੀ ਮੰਗਦਾ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨੂੰ ਪ੍ਰਾਰਥਨਾ ਕਰਨ ਦੀ ਬੇਨਤੀ ਕਰਦੇ ਹਨ ਤਾਂ ਜੋ ਅਜਿਹੀ ਗਲਤੀ ਦੁਬਾਰਾ ਨਾ ਹੋਵੇ।

## ਪੰਜਾਬ ’ਚ ਲਗਾਤਾਰ ਫ਼ੈਲਣ ਲੱਗੀ ਭਿਆਨਕ ਬੀਮਾਰੀ !

**ਜਲੰਧਰ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਚ ਡੇਂਗੂ ਮਰੀਜ਼ਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਡੇਂਗੂ ਫ਼ੈਲਾਉਣ ਵਾਲੇ ਮੱਛਰਾਂ ਦਾ ਲਾਰਵਾ ਪੇਂਡੂ ਇਲਾਕਿਆਂ ਤੋਂ ਜ਼ਿਆਦਾ ਸ਼ਹਿਰੀ ਇਲਾਕਿਆਂ ਵਿਚ ਮਿਲ ਰਿਹਾ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਿਹਤ ਵਿਭਾਗ ਦੀਆਂ ਐਂਟੀ-ਲਾਰਵਾ ਟੀਮਾਂ ਨੂੰ ਹੁਣ ਤਕ ਸਰਵੇ ਦੌਰਾਨ ਜ਼ਿਲ੍ਹੇ ਦੇ ਜਿਨ੍ਹਾਂ 762 ਸਥਾਨਾਂ ’ਤੇ ਲਾਰਵਾ ਮਿਲਿਆ ਹੈ, ਉਨ੍ਹਾਂ ਵਿਚ 457 ਸਥਾਨ ਸ਼ਹਿਰੀ ਅਤੇ 305 ਪੇਂਡੂ ਇਲਾਕਿਆਂ ਦੇ ਹਨ। ਸਿਹਤ ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਵਿਭਾਗ ਦੀਆਂ ਟੀਮਾਂ ਨੇ ਬੁੱਧਵਾਰ ਨੂੰ ਜ਼ਿਲ੍ਹੇ ’ਚ ਸ਼ਹਿਰੀ ਇਲਾਕਿਆਂ ਦੇ 638 ਅਤੇ ਪੇਂਡੂ ਇਲਾਕਿਆਂ ਦੇ 1139 ਘਰਾਂ ਵਿਚ ਸਰਵੇ ਕੀਤਾ ਅਤੇ ਉਨ੍ਹਾਂ ਨੂੰ ਸ਼ਹਿਰੀ ਇਲਾਕਿਆਂ ਵਿਚ 9 ਅਤੇ ਪੇਂਡੂ ਇਲਾਕਿਆਂ ਵਿਚ 5 ਘਰਾਂ ਤੋਂ ਲਾਰਵਾ ਮਿਲਿਆ। ਵਿਭਾਗ ਦੀਆਂ ਟੀਮਾਂ ਜ਼ਿਲ੍ਹੇ ਵਿਚ ਹੁਣ ਤਕ 2,86,572 ਘਰਾਂ ਦਾ ਸਰਵੇ ਕਰ ਚੁੱਕੀਆਂ ਹਨ ਅਤੇ ਇਸ ਦੌਰਾਨ ਉਨ੍ਹਾਂ ਨੂੰ ਜਿਨ੍ਹਾਂ 762 ਸਥਾਨਾਂ ’ਤੇ ਲਾਰਵਾ ਮਿਲਿਆ ਸੀ, ਉਸ ਨੂੰ ਪੂਰੀ ਤਰ੍ਹਾਂ ਨਸ਼ਟ ਕਰਵਾ ਦਿੱਤਾ ਗਿਆ। ਇਹ ਵੀ ਪਤਾ ਲੱਗਾ ਹੈ ਕਿ ਬੁੱਧਵਾਰ ਨੂੰ ਡੇਂਗੂ ਦੇ 29 ਸ਼ੱਕੀ ਮਰੀਜ਼ਾਂ ਦੇ ਸੈਂਪਲ ਟੈਸਟ ਕੀਤੇ ਗਏ ਅਤੇ ਉਨ੍ਹਾਂ ਵਿਚੋਂ 4 ਦੀ ਰਿਪੋਰਟ ਪਾਜ਼ੇਟਿਵ ਆਈ।

## ਪੰਜਾਬ ’ਚ ਸਕੂਲ ਦੇ ਬਾਹਰ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

**ਬਟਾਲਾ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਬਟਾਲਾ ਜ਼ਿਲ੍ਹੇ ਤੋਂ ਵੱਡੀ ਵਾਰਦਾਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਇੱਥੇ ਸਕੂਲ ਨੇੜੇ ਤਾਬੜਤੋੜ ਗੋਲੀਬਾਰੀ ਹੋਈ ਜਿਸ



ਕਾਰਨ ਸਕੂਲ ਦੇ ਬੱਚਿਆਂ ’ਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸ ਘਟਨਾ ’ਚ ਇਕ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਨੌਜਵਾਨ ਦੀ ਹਾਲਤ ਗੰਭੀਰ ਹੋਣ ਮਗਰੋਂ ਉਸ ਨੂੰ ਇਲਾਜ ਲਈ ਬਟਾਲਾ ਦੇ ਸਿਵਲ ਹਸਪਤਾਲ ’ਚ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਰੈਫ਼ਰ ਕਰ ਦਿੱਤਾ ਅਤੇ ਰਸਤੇ ’ਚ ਹੀ ਨੌਜਵਾਨ ਨੇ ਦਮ ਤੋੜ ਦਿੱਤਾ। ਵਾਰਦਾਤ ਦੀ ਸਾਰੀ ਘਟਨਾ ਸਕੂਲ ਦੇ ਬਾਹਰ ਲੱਗੇ ਕੈਮਰੇ ਵਿੱਚ ਕੈਦ ਹੋ ਗਈ। ਜਾਣਕਾਰੀ ਮੁਤਾਬਕ ਇਹ ਘਟਨਾ ਬਟਾਲਾ ਦੀ ਪੌਸ਼ ਕਾਲੋਨੀ ਰਾਧਾ ਕ੍ਰਿਸ਼ਨਨ ’ਚ ਸਵੇਰੇ 11 ਵਜੇ ਦੇ ਕਰੀਬ ਵਾਪਰੀ, ਜਿੱਥੇ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਗੋਲੀਆਂ ਚਲਾ ਦਿੱਤੀਆਂ। ਸ਼ੁਰੂਆਤੀ ਜਾਂਚ ’ਚ ਸਾਹਮਣੇ ਆਇਆ ਹੈ ਕਿ ਗੋਲੀ ਚਲਾਉਣ ਵਾਲਾ ਨੌਜਵਾਨ ਜਿਮ ਚਲਾਉਂਦਾ ਹੈ, ਹਾਲਾਂਕਿ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ ਹੈ। ਇਸ ਤੋਂ ਇਲਾਵਾ ਇਹ ਵੀ ਪਤਾ ਲੱਗਾ ਹੈ ਕਿ ਘਟਨਾ ਵਾਲੀ ਥਾਂ ਤੋਂ 100 ਮੀਟਰ ਦੀ ਦੂਰੀ ’ਤੇ ਇਕ ਆਮ ਆਦਮੀ ਪਾਰਟੀ ਦੇ ਆਗੂ ਦਾ ਘਰ ਹੈ, ਜਿਸ ਦੇ ਗੰਨਮੈਨ ਨੇ ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਮੌਕੇ ’ਤੇ ਹੀ ਮੁਲਜ਼ਮ ਨੂੰ ਬੜੀ ਮੁਸ਼ੱਕਤ ਤੋਂ ਕਾਬੂ ਲਿਆ ਗਿਆ ਹੈ ਅਤੇ ਉਸ ਪਾਸੋਂ ਪਿਸਤੌਲ ਵੀ ਬਰਾਮਦ ਕਰ ਲਈ ਗਈ । ਫਿਲਹਾਲ ਸੂਚਨਾ ਮਿਲਦੇ ਹੀ ਪੁਲਸ ਮੌਕੇ ’ਤੇ ਪਹੁੰਚ ਗਈ ਹੈ, ਜੋ ਕਿ ਸੀ.ਸੀ.ਟੀ.ਵੀ. ਦੇ ਆਧਾਰ ’ਤੇ ਜਾਂਚ ਕਰ ਰਹੀ ਹੈ।

## ਭਾਰਤ ਦੀਆਂ ਹਿੰਦੂਤਵ ਪ੍ਰਭਾਵ ਵਾਲੀਆਂ ਸਰਕਾਰਾਂ ਨੇ ਪੰਥ ਅਤੇ ਪੰਜਾਬ ਨੂੰ ਡੂੰਘੇ ਜਖਮ ਅਤੇ ਦਰਦ ਦਿੱਤੇ : ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ

**ਅੰਮ੍ਰਿਤਸਰ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਬੀਤੇ ਦਿਨ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਰਿਹਾਇਸ਼ ਉੱਪਰ ਪੰਥ ਅਤੇ ਪੰਜਾਬ ਦੇ ਵਰਤਮਾਨ ਹਾਲਤਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ੍ਹ ਇਸ ਵਿਚਾਰ ਵਟਾਂਦਰੇ ਵਿੱਚ ਸਰਦਾਰ ਮਾਨ ਸਮੇਤ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਅਤੇ ਸ਼ੇਰੇ ਪੰਜਾਬ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਹਾਜਰ ਸਨ। ਮੀਟਿੰਗ ਦੌਰਾਨ ਸਹਿਮਤੀ ਸੀ ਕਿ 1947 ਤੋਂ 2024 ਤੱਕ ਭਾਰਤ ਦੀਆਂ ਹਿੰਦੂਤਵ ਪ੍ਰਭਾਵ ਵਾਲੀਆਂ ਸਰਕਾਰਾਂ ਨੇ ਪੰਥ ਅਤੇ ਪੰਜਾਬ ਨੂੰ ਡੂੰਘੇ ਜਖਮ ਅਤੇ ਦਰਦ ਦਿੱਤ੍ਹੇ ਮੋਦੀ ਸਰਕਾਰ

ਆਵਾਜ਼ਿ ਕੌਮ AWAZE QAUM International Newspaper & WEB TV

ਵੱਲੋਂ ਜਿਉਂਦੀ ਜਮੀਰ ਵਾਲੇ ਬਾਹਰਲੇ ਦੇਸ਼ਾਂ ਅਤੇ ਭਾਰਤ ਵਿੱਚ ਸਿੱਖਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ੍ਹ ਭਾਈ ਨਿਜਰ, ਭਾਈ ਖੰਡਾ ਸਮੇਤ ਅਨੇਕਾਂ ਸਿੱਖਾਂ ਦੇ ਕਤਲ ਭਾਰਤ ਦੀ ਜਮਹੂਰੀਅਤ, ਸੰਵਿਧਾਨ ਅਤੇ ਧਰਮ ਨਿਰਪੱਖਤਾ ਦੇ ਕਤਲ ਹਨ। ਸਿੱਖ ਇਤਿਹਾਸ ਵਿੱਚ ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰਿਆਂ ਸਮੇਤ ਅੱਧੀ ਅੱਧੀ ਵਸੋਂ ਇੱਕ ਦਿਨ ਵਿੱਚ ਸ਼ਹੀਦ ਕੀਤੀ ਗਈ੍ਹ ਪ੍ਰੰਤੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਨੂੰ ਕਿਸੇ ਦੁਆਰਾ ਪਾੜ ਕੇ ਖਿਲਾਰਿਆ ਨਹੀਂ ਗਿਆ੍ਹ ਤੇ ਉਸ ਤੋਂ ਪਹਿਲਾਂ ਕੇਂਦਰ ਦੀਆਂ ਮਰੀਆਂ ਜਮੀਰਾਂ ਵਾਲੇ ਪੰਜਾਬ ਦੀਆਂ ਅਖੌਤੀ ਪੰਥਕ ਸਰਕਾਰਾਂ, ਕਾਂਗਰਸ ਸਰਕਾਰਾਂ ਅਤੇ ਵਰਤਮਾਨ ਮਾਨ ਸਰਕਾਰ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਬਜਾਏ ਉਹਨਾਂ ਨੂੰ ਸਰਕਾਰੀ ਮਹਿਮਾਨਾਂ ਵਾਂਗ ਸੁਰੱਖਿਆ ਦੇ ਰਹੀਆਂ ਹਨ੍ਹ ਸਰਬੱਤ ਖਾਲਸਾ ਵੱਲੋਂ ਨਾਮਜਦ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਭਾਈ ਤਾਰਾ ,ਭਾਈ ਭਿਓਰਾ, ਭਾਈ ਰਾਜੋਆਣਾ ਸਮੇਤ ਚੁਣੇ ਹੋਏ ਪ੍ਰਤਿਨਿਧ ਭਾਈ ਅੰਮ੍ਰਿਤ ਪਾਲ ਸਿੰਘ ਸਮੇਤ ਸੈਂਕੜੇ ਸਿੱਖਾਂ ਨੂੰ ਭਾਰਤੀ ਸਰਕਾਰ ਅਤੇ ਉਸ ਦੇ ਕਰਿੰਦੇ ਬਣੇ ਪੰਜਾਬ ਦੇ ਮੁੱਖ ਮੰਤਰੀਆਂ ਨੇ ਯਰਗਮਾਲ ਬਣਾਏ ਹੋਏ ਹਨ੍ਹ ਭਾਈ ਨਿਜਰ ਦੇ ਕਾਤਲ ਸਬੰਧੀ ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਟਰੂਡੋ ਵੱਲੋਂ ਕੀਤੀ ਕਾਰਵਾਈ ਦੀ ਭਰਪੂਰ ਸਲਾਂਘਾ ਕੀਤੀ੍ਹ ਕਨੇਡਾ ਸਮੇਤ ਅਮਰੀਕਾ, ਇੰਗਲੈਂਡ, ਆਸਟਰੇਲੀਆ ਅਤੇ ਫਰਾਂਸ ਸਰਕਾਰ ਵੱਲੋਂ ਇਹਨਾਂ ਕਾਤਲਾਂ ਸਬੰਧੀ ਉਠਾਈ ਆਵਾਜ਼ ਦੀ ਸਲਾਂਘਾ ਕੀਤੀ੍ਹ ਇਹ ਭੀ ਮਹਿਸੂਸ ਕੀਤਾ ਕਿ ਸਿੱਖ ਅੱਜ ਸੰਸਾਰ ਵਿੱਚ ਸਭ ਤੋਂ ਵੱਧ ਸੰਗਠਿਤ ਕੌਮ ਹੈ। ਪੰਥ ਅਤੇ ਪੰਜਾਬ ਵਿਚ ਆਏ ਖਲਾਅ ਨੂੰ ਦੂਰ ਕਰਨ ਲਈ ਭੀ ਵਿਚਾਰਾਂ ਕੀਤੀਆਂ। ਇਹ ਭੀ ਸਹਿਮਤੀ ਸੀ ਕਿ ਜ਼ੁਲਮ ਵਿਰੁੱਧ ਪੂਰੀ ਸ਼ਕਤੀ ਨਾਲ ਜਮਹੂਰੀ ਅਤੇ ਸ਼ਾਂਤਮਈ ਢੰਗ ਨਾਲ ਲੜਿਆਂ ਜਾਵੇਗਾ । ਪੰਥ, ਪੰਜਾਬ ਅਤੇ ਮਨੁੱਖੀ ਅਧਿਕਾਰਾਂ ਦੇ ਆਗੂਆਂ ਦੀ ਅਗਲੀ ਮੀਟਿੰਗ ਲਈ ਸਮਾ ਸਥਾਨ ਤਹਿ ਕਰਨ ਲਈ ਭਾਈ ਜਸਬੀਰ ਸਿੰਘ ਰੋਡੇ ਦੀ ਜ਼ਿੰਮੇਵਾਰੀ ਲਾਈ।



ਭਾਈ ਨਿਜਰ, ਭਾਈ ਖੰਡਾ ਸਮੇਤ ਅਨੇਕਾਂ ਸਿੱਖਾਂ ਦੇ ਕਤਲ ਭਾਰਤ ਦੀ ਜਮਹੂਰੀਅਤ, ਸੰਵਿਧਾਨ ਅਤੇ ਧਰਮ ਨਿਰਪੱਖਤਾ ਦੇ ਕਤਲ ਹਨ

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |


ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਏ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

ਆਵਾਜ਼ਿ ਕੌਮ AWAZE QAUM


# ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL

# Khehra VAISHNO DHABA

BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



# ਪੰਜਾਬੀ

## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ-ਧੰਨ
ਮਾਤਾ ਸਾਹਿਬ ਕੌਰ ਜੀ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਸੰਤ ਜਰਨੈਲ ਸਿੰਘ ਜੀ
ਖਾਲਸਾ
ਭਿੰਡਰਾਂ ਵਾਲੇ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ
ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ
ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ
ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।


☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM International Newspaper & WEB TV
CALL US TO BOOK YOUR CSCS LEVEL ONE COURSE.
07771 51-28621


ITHIHAAS
KATHA
GIANI BALVINDER SINGH 'RODE'
HEAD GRANTHI
GURDWARA SANT KHALSA JANAM ASTHAN
SANT JARNAIL SINGH KHALSA BHINDRANWALE
7-8PM
MON 9TH - THURSDAY 12TH
SEPTEMBER
10:30AM - 11:15AM
SUNDAY 15TH SEPTEMBER
ਆਵਾਜ਼ਿ ਕੌਮ
AWAZE QAUM
International Newspaper & WEB TV
SRI GURU SINGH SABHA, SHEEHY WAY, SLOUGH, SL2 5SS

ੴ

ਸਤਿਗੁਰ ਪ੍ਰਸਾਦਿ। ।
ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥



## ਬਾਬਾ ਜੰਗ ਸਿੰਘ (ਪ੍ਰਧਾਨ ਬੰਦੀ ਸਿੰਘ ਰਿਹਾਈ ਮੋਰਚਾ)

ਪੁੱਤਰ ਸਰਦਾਰ ਜਸਪਾਲ ਸਿੰਘ ਜੋ ਕਿ ਪਿਛਲੀ ਦਿਨੀ ਮਿਤੀ 04/09/2024 ਨੂੰ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ।

# ਅੰਤਿਮ ਅਰਦਾਸ

14/09/2024 ਨੂੰ ਸਮਾਂ 12 ਤੋਂ 01 ਗੁਰੂਦੁਆਰਾ ਸ਼੍ਰੀ ਫਤਿਹਗੜ ਸਾਹਿਬ ਦਿਵਾਨ ਟੋਡਰ ਮੱਲ ਹਾਲ ਵਿੱਚ ਕੀਤਾ ਜਾਣਾ ਹੈ। ਆਪ ਸਭ ਨੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

# ਗੁਰੂ ਦੇ ਭਾਣੇ

************* *************

(ਪਤਨੀ) ਬੀਬੀ ਸੁੱਖਵਿੰਦਰ ਕੌਰ * (ਬੇਟਾ) ਅਰਸ਼ਵੀਰ ਸਿੰਘ

(ਭਣੋਈਆ) ਲਖਵਿੰਦਰ ਸਿੰਘ ਬੁੜੈਲ ਜੇਲ * (ਬੇਟੀ) ਹਰਸਿਮਰਨ ਕੌਰ

ਆਵਾਜ਼ਿ ਕੌਮ AWAZE QAUM International Newspaper & WEB TV

## ਬੰਦੀ ਸਿੰਘ ਰਿਹਾਈ ਮੋਰਚਾ

ਲਖਵਿੰਦਰ ਸਿੰਘ ਬੁੜੈਲ ਜੇਲ
M.9855767502
Harry: M.8437430807

## ਸਿੱਖ ਫੈਡਰੇਸ਼ਨ ਯੂ.ਕੇ. ਦੀ 40ਵੀਂ ਸਾਲਾਨਾ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ 15 ਸਤੰਬਰ 2024 ਨੂੰ


ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

### ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜ਼ਲੀ ਸਟਰੀਟ, ਵੁਲਵਰਹੈਂਪਟਨ ਯੂ.ਕੇ. ਵਿਖੇ ਪਹੁੰਚਣ ਦਾ ਖੁੱਲ੍ਹਾ ਸੱਦਾ

ਗੁਰੂ ਪਿਆਰੀ ਸਾਧ ਸੰਗਤ ਜੀਓ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

15 ਸਤੰਬਰ 2024 ਦਿਨ ਐਤਵਾਰ ਸਵੇਰੇ 10.00 ਵਜੇ ਤੋਂ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜ਼ਲੀ ਸਟਰੀਟ, ਵੁਲਵਰਹੈਂਪਟਨ ਯੂ.ਕੇ. ਵਿਖੇ ਸਿੱਖ ਫੈਡਰੇਸ਼ਨ ਯੂ.ਕੇ. ਵਲੋਂ 40ਵੀਂ ਸਾਲਾਨਾ ਕਨਵੈਨਸ਼ਨ ਕਰਵਾਈ ਜਾ ਰਹੀ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੀ ਰਾਜਸੀ ਅਗਵਾਈ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਦੇ ਜਥੇਬੰਦਕ ਢਾਂਚੇ ਵਿਚ ਕੀਤੀ ਜਾ ਰਹੀ ਤਬਦੀਲੀ ਦਾ ਐਲਾਨ ਕੀਤਾ ਜਾਵੇਗਾ। ਜਿਸ ਵਿਚ ਪੰਜ ਪ੍ਰਧਾਨੀ ਪ੍ਰਣਾਲੀ, ਰਾਸ਼ਟਰੀ ਕਾਰਜਕਾਰੀ ਟੀਮ, ਬਰਤਾਨਵੀ ਨੌਜਵਾਨਾਂ ਦੀ ਯੋਗ ਅਗਵਾਈ ਅਤੇ ਬੀਬੀਆਂ ਦੇ ਕੰਮਕਾਜੀ ਵਿੰਗ ਦਾ ਐਲਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ, ਸਿੱਖ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਮਾਮਲਿਆਂ ਤੋਂ ਇਲਾਵਾ ਸਿੱਖ ਹੋਮਲੈਂਡ ਦੀ ਪੁਨਰ ਸਥਾਪਨਾ ਸੰਬੰਧੀ ਵਿਚਾਰ ਪੇਸ਼ ਕੀਤੇ ਜਾਣਗੇ। ਸਿੱਖ ਚੋਣ ਮਨੋਰਥ ਪੱਤਰ ਵਿਚ ਦਰਜ ਮੰਗਾਂ ਅਤੇ ਲੇਬਰ ਸਰਕਾਰ ਦੇ ਵਾਅਦਿਆਂ 'ਤੇ ਚਰਚਾ ਕੀਤੀ ਜਾਵੇਗੀ। ਆਜ਼ਾਦੀ ਪਸੰਦ ਅਤੇ ਸੰਘਰਸ਼ੀ ਬੁਲਾਰੇ ਵਿਸ਼ਵ ਭਰ ਤੋਂ ਪਹੁੰਚ ਰਹੇ ਹਨ।

Guru Nanak Sikh Gurdwara, Sedgley Street Wolverhampton, Ph : 01902 459413


ਵਧੇਰੇ ਜਾਣਕਾਰੀ ਲਈ :
ਭਾਈ ਅਮਰੀਕ ਸਿੰਘ ਗਿੱਲ ਚੇਅਰਮੈਨ 07860633488
ਭਾਈ ਕੁਲਦੀਪ ਸਿੰਘ ਸੀਨੀਅਰ ਵਾਈਸ ਚੇਅਰਮੈਨ 07938633554
ਭਾਈ ਨਰਿੰਦਰਜੀਤ ਸਿੰਘ ਥਾਂਦੀ ਜਨਰਲ ਸੈਕਟਰੀ 01474 536393
ਭਾਈ ਦਬਿੰਦਰਜੀਤ ਸਿੰਘ ਮੁੱਖ ਸਲਾਹਕਾਰ 07485039944
ਹਰਦੀਸ਼ ਸਿੰਘ ਮੁੱਖ ਪ੍ਰਬੰਧਕ 07886781724


ਸ਼ਹੀਦ ਭਾਈ ਅਮਰੀਕ ਸਿੰਘ

ਜਾਰੀ ਕਰਤਾ : ਸਿੱਖ ਫੈਡਰੇਸ਼ਨ ਯੂ.ਕੇ.
www.sikhfeduk.com
Email : info@sikhfeduk.com
Facebook/Sikh Federation UK
twitter@sikhfeduk


ਜਨਮ ਦਿਵਸ 'ਤੇ ਵਿਸ਼ੇਸ਼

# ਬਾਬਾ ਸ੍ਰੀ ਚੰਦ ਜੀ



ਬਾਲ ਜਤੀ ਹੈ ਸ੍ਰੀ ਚੰਦ।
ਬਾਬਾਣਾ ਦੇਹੁਰਾ ਬਣਾਇਆ ॥

ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਵੱਡੇ ਸਪੁੱਤਰ, ਉਦਾਸੀਨ ਮੱਤ ਦੇ ਬਾਨੀ ਮਹਾਨ ਤਪੱਸਵੀ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਹਾੜੇ ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ ।

ਸੁਨਿ ਮੀਤਾ ਨਾਨਕੁ ਬਿਨਵੰਤਾ॥
ਸਾਧ ਜਨਾ ਕੀ ਅਚਰਜ ਕਥਾ॥

ਸਿੱਖਾਂ ਵਿਚ ਨਦੀਨ ਵਾਂਗ ਪੈਦਾ ਹੋਈ,ਨਾਸਤਿਕ ਮੰਡਲੀ ਰਿੱਧੀਆਂ ਸਿੱਧੀਆਂ ਵਾਲੇ ਸਾਧੂ ਸੰਤਾਂ ਮਹਾਂਪੁਰਸ਼ਾਂ ਦੀਆਂ ਕਰਾਮਾਤਾਂ ਦਾ ਵਿਰੋਧ ਕਰਕੇ ਜਿਥੇ ਆਪਣੇ ਆਤਮਿਕ ਜੀਵਨ ਦੀ ਬੇੜੀ ਡੋਬ ਕੇ ਬੈਠੀ ਹੈ। ਉਥੇ ਆਪਣੇ ਨਾਲ ਜੁੜੇ ਲੋਕਾਂ ਨੂੰ ਵੀ ਕੁਰਾਹੇ ਪਾ ਰਹੀ ਹੈ,ਜੋ ਫੇਸਬੁੱਕ ਤੇ ਲਾਈਵ ਆਪਣੇ ਕੇਸ ਕੱਟ ਰਹੇ ਹਨ।ਕੁੱਤਰਕਾਂ ਕਰਨ ਵਾਲੇ ਅਖੌਤੀ ਪ੍ਰਚਾਰਕ ਨਿੱਤਨੇਮ,ਅੰਮ੍ਰਿਤ ਸੰਚਾਰ ਦੀਆਂ ਪਾਵਨ ਬਾਣੀਆਂ ਗੁਰ ਇਤਿਹਾਸ ਰੱਦ ਕਰਕੇ ਬੈਠੇ ਹਨ। ਦੂਜੇ ਪਾਸੇ ਗੁਰੂ ਸਾਹਿਬ ਜੀ ਦੀ ਕਰਮਭੂਮੀ ਪੰਜਾਬ ਦੀ ਧਰਤੀ ਤੇ ਚਮਤਕਾਰਾਂ ਦੇ ਨਾਮ ਤੇ ਲੋਕਾਂ ਨੂੰ ਬੁੱਧੂ ਬਣਾ ਕੇ ਸਿੱਖਾਂ ਦਾ ਧਰਮ ਤਬਦੀਲ ਕਰਵਾਇਆਜਾ ਰਿਹਾ,ਐਸੇ ਹਾਲਾਤਾ ਵਿਚ ਸਾਡੇ ਕਥਾਵਾਚਕਾਂ ਪ੍ਰਚਾਰਕਾਂ ਨੂੰ ਬਿਨਾ ਕਿਸੇ ਹਿਚਕਚਾਹਟ ਡਟ ਕੇ ਸਿੱਖੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

ਸੇਵਾ,ਸਿਮਰਨ ਤੋਂ ਸੱਖਣੇ ਨਾਸਤਿਕਾਂ ਨੂੰ ਕੀ ਪਤਾ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਘਰ ਦੀ ਵਡਿਆਈ ਦਾ,ਜਿਸ ਪਾਤਸ਼ਾਹ ਜੀ ਦੇ ਘਰ ਵਿਚ ਜਨਮ ਲੈਣ ਵਾਲੀਆਂ ਰੂਹਾਂ ਦਾ ਕਿੰਨੇ ਜਨਮਾਂ ਦਾ ਜਪ,ਤਪ ਹੋਵੇਗਾ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਤੋਂ ਪੰਜ ਪੀੜ੍ਹੀਆਂ ਤੱਕ ਕਿਸੇ ਦਾ ਸਸਕਾਰ ਨਹੀ ਹੋਇਆ ਬਾਬਾ ਲਖਮੀ ਦਾਸ ਜੀ ਪਵਨ ਰੂਪ ਤੇ ਬਾਬਾ ਸ੍ਰੀ ਚੰਦ ਜੀ ਪਹਾੜ ਦੀ ਟੀਸੀ ਤੇ ਬੈਠ ਜਲ ਰੂਪ ਹੋਏ ਸਨ ।

ਜਗਤ ਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਮਹਾਰਾਜ ਜੀ ਦਾ ਅੱਜ 530ਵਾਂ ਜਨਮ ਦਿਵਸ ਹੈ,ਆਓ ਮਹਾਨ ਤਪਸਵੀ ਬਾਬਾ ਜੀ ਦੇ ਇਤਿਹਾਸ ਦੇ ਝਾਤ ਪਾਈਏ। ਬਾਬਾ ਲਖਮੀ ਦਾਸ ਜੀ ਸ਼ਿਕਾਰ ਖੇਡ ਕੇ ਆ ਰਹੇ ਸਨ,ਹੱਥਾਂ ਵਿਚ ਸ਼ਿਕਾਰ ਕਰਕੇ ਮਾਰੇ ਜੀਵ ਫੜ੍ਹੀ ਆ ਰਹੇ ਸਨ,ਅੱਗੋ ਬਾਬਾ ਸ੍ਰੀ ਚੰਦ ਜੀ ਮਿਲ ਗਏ,ਕਹਿਣ ਲੱਗੇ ਲਖਮੀ ਦਾਸ ਕਿਉਂ ਰੱਬ ਦੇ ਜੀਵਾਂ ਨੂੰ ਮਾਰਦੇ ਹੋ....?

ਇਹ ਲੇਖਾ ਦੇਣਾਂ ਪਵੇਗਾ,ਬਾਬਾ ਲਖਮੀ ਦਾਸ ਕਹਿਣ ਲੱਗੇ ਲੇਖਾ...?

ਚਲੋ ਪਹਿਲਾਂ ਲੇਖਾ ਹੀ ਦੇ ਦੇਂਦੇ ਹਾਂ,ਆਪਣੇ ਪਰਿਵਾਰ ਸਮੇਂਤ ਘੋੜੇ ਤੇ ਚੜ੍ਹੇ ਪਵਨ ਰੂਪ ਹੋ ਗਏ,ਕਿਸੇ ਨੇ ਬਾਬਾ ਸ੍ਰੀ ਚੰਦ ਜੀ ਨੂੰ ਦੱਸਿਆ ਕਿ ਮਹਾਰਾਜ ਬਾਬਾ ਲਖਮੀ ਦਾਸ ਤਾਂ ਪਰਿਵਾਰ ਸਮੇਂਤ ਵਾਹਿਗੁਰੂ ਨੂੰ ਲੇਖਾ ਦੇਣ ਚਲੇ ਗਏ,ਬਾਰਾਂ ਯੋਜਨ ਤੱਕ ਸਫ਼ਰ ਹੋ ਚੁੱਕਾ ਸੀ,ਬਾਬਾ ਸ੍ਰੀ ਚੰਦ ਜੀ ਨੇ ਰਿੱਧੀਆਂ ਸਿੱਧੀਆਂ ਨਾਲ ਲਖਮੀ ਦਾਸ ਜੀ ਦੇ ਸਪੁੱਤਰ ਬਾਬਾ ਧਰਮ ਚੰਦ ਜੀ ਨੂੰ ਵਾਪਿਸ ਖਿੱਚ ਲਿਆ,ਕਹਿੰਦੇ ਗੁਰੂ ਨਾਨਕ ਸਾਹਿਬ ਜੀ ਦੀ ਅੰਸ ਬੰਸ ਚੱਲਦੀ ਰਹੇਗੀ। ਦੋ ਤਰ੍ਹਾਂ ਦੀ ਬੰਸ ਮੰਨੀ ਜਾਂਦੀ ਹੈ,ਇਕ ਨਾਦੀ ਤੇ ਇਕ ਬਿੰਦੀ ਨਾਦੀ ਉਹ ਜਿੰਨਾ ਨੂੰ ਨਾਦੀ ਪੁੱਤਰ ਕਿਹਾ ਜਾਂਦਾ ਜਿਵੇਂ ਖਾਲਸਾ ਕਲਗੀਧਰ ਪਾਤਸ਼ਾਹ ਜੀ ਦਾ ਨਾਦੀ ਪੁੱਤ ਹੈ,ਅਤੇ ਸ੍ਰੀ ਚੰਦ ਜੀ ਗੁਰੂ ਨਾਨਕ ਸਾਹਿਬ ਜੀ ਦੇ ਬਿੰਦੀ ਸਪੁੱਤਰ ਹਨ।ਬਾਲਕ ਧਰਮ ਚੰਦ ਜਦੋਂ ਵਾਪਿਸ ਆਇਆ ਤਾਂ ਭੁੱਖ ਨਾਲ ਬਿਹਬਲ ਹੋਣ ਲੱਗਾ ਉਦਾਸੀਆਂ ਬੇਨਤੀ ਕੀਤੀ ਬਾਬਾ ਜੀ ਇਸ ਬਾਲਕ ਨੂੰ ਭੁੱਖ ਲੱਗੀ ਅਸੀ ਕੀ ਦੇਈਏ ਕੁਝ ਖਾਂਦਾ ਨਹੀ,ਬਾਬਾ ਸ੍ਰੀ ਚੰਦ ਜੀ ਨੇ ਸਤਿ ਕਰਤਾਰ ਕਹਿ ਕੇ ਪੈਰ ਦਾ ਅੰਗੂਠਾ ਮੂੰਹ ਵਿਚ ਪਾਇਆ ਜਿਸ ਚੋਂ ਦੁੱਧ ਆਉਣ ਲੱਗ ਪਿਆ। ਬਾਬਾ ਸ੍ਰੀ ਚੰਦ ਜੀ ਨੇ ਬਾਲਕ ਧਰਮ ਚੰਦ ਦੀ ਉਦਾਸੀ ਵੇਖ ਆਪਣੇ ਮਾਮਾ ਕ੍ਰਿਸ਼ਨਾ ਜੀ ਦੇ ਪਿੰਡ ਬਾਰਠ ਜਾਣ ਦਾ ਫੈਸਲਾ ਕੀਤਾ ਜਿੰਨਾ ਦੇ ਪੁੱਤ ਪੋਤਰਿਆਂ ਨਾਲ ਧਰਮ ਚੰਦ ਰਲਮਿਲ ਗਿਆ।ਬਾਬਾ ਸ੍ਰੀ ਚੰਦ ਜੀ ਭਗਤੀ ਭਾਵ ਵਾਲੇ ਹੋਣ ਕਰਕੇ ਤੱਪਸਿਆ ਕਰਨ ਲੱਗੇ ਲੰਮਾ ਸਮਾਂ ਤਪਸਿਆ ਵਿਚ ਰਹਿਣ ਪਿਛੋਂ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਦੀ ਖਿੱਚ ਪੈਦਾ ਹੋਈ। ਬਾਬਾ ਸ੍ਰੀ ਚੰਦ ਜੀ ਨੇ ਆਪਣੇ ਸੇਵਕ ਭਾਈ ਕਮਲੀਆ ਰਾਂਹੀ ਪੰਚਮ ਪਾਤਸ਼ਾਹ ਜੀ ਨੂੰ ਅੰਮ੍ਰਿਤਸਰ ਬੇਨਤੀ ਕੀਤੀ ਕਿ ਗੁਰੂ ਨਾਨਕ ਦੇਵ ਪਾਤਸ਼ਾਹ ਦੇ ਘਰ ਦੇ ਵਾਰਿਸ ਸਾਡੇ ਪਾਸ ਆਉਣ। ਜਦੋਂ ਪੰਚਮ ਪਾਤਸ਼ਾਹ ਜੀ ਭਾਈ ਕਮਲੀਏ ਦੀ ਫਰਿਆਦ ਸੁਣਕੇ ਬਾਬਾ ਸ੍ਰੀ ਚੰਦ ਜੀ ਦੇ ਦੇਹੁਰੇ ਬਾਰਠ ਸਾਹਿਬ ਪਹੁੰਚੇ ਤਾਂ ਉਸ ਵਕਤ ਤੱਕ ਬਾਬਾ ਜੀ ਸਮਾਧੀ ਚ ਜਾ ਚੁੱਕੇ ਸਨ।


ਸ਼ਮਸ਼ੇਰ ਸਿੰਘ ਜੇਠੂਵਾਲ

ਸਮਾਧੀ ਖੁਲ੍ਹਣ ਦੀ ਉਡੀਕ ਵਿਚ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਇਸ ਅਸਥਾਨ ਤੇ ਪੰਜ ਮਹੀਨੇ ਸਤਾਈ ਦਿਨ ਰਹੇ,ਪਰਉਪਕਾਰੀ ਸਤਿਗੁਰੂ ਜੀ ਜਿਸ ਪਾਵਨ ਅਸਥਾਨ ਤੇ ਸੰਗਤਾਂ ਨੂੰ ਦਰਸ਼ਨ ਦੇਂਦੇ ਉਥੇ ਗੁਰਦੁਆਰਾ ਗੁਰੂਸਰ ਅਤੇ ਗੁਰਦੁਆਰਾ ਥੰਮ ਸਾਹਿਬ ਮੌਜੂਦ ਹੈ,ਜਿਥੇ ਦੂਰੋਂ-ਦੂਰੋਂ ਸਿੱਖ ਸੰਗਤਾਂ ਦਰਸ਼ਨਾਂ ਨੂੰ ਆਉਦੀਆਂ ਪਾਤਸ਼ਾਹ ਜੀ ਨੇ ਸੰਸਾਰੀਆਂ ਨੂੰ ਨਾਮਬਾਣੀ ਦਾ ਉਪਦੇਸ਼ ਦੇ ਕੇ ਕਸ਼ਟਾਂ ਦੀ ਨਵਿਰਤੀ ਕੀਤੀ,ਪਾਣੀ ਦੀ ਕਿਲਤ ਕਮੀ ਨੂੰ ਪੂਰਾ ਕਰਨ ਲਈ ਇਕ ਬਾਉਲੀ ਸਾਹਿਬ ਤੇ ਸਰੋਵਰ ਦਾ ਨਿਰਮਾਣ ਕਰਵਾਇਆ।ਬਾਬਾ ਸ੍ਰੀ ਚੰਦ ਜੀ ਸਮਾਧੀ ਤੋਂ ਬਾਹਰ ਆਉਣ ਬਾਅਦ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਦਰਸ਼ਨ ਕਰਕੇ ਬਹੁਤ ਪ੍ਰਸਨ ਹੋਏ। ਨਾਲ ਹੀ ਕਹਿਣ ਲੱਗੇ ਪੰਚਮ ਪਾਤਸ਼ਾਹ ਜੀ ਮਹਾਰਾਜ ਆਪ ਜੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਵਾਰਿਸ ਹੋ ਕੇ ਸਾਡੇ ਕਰਕੇ ਏਨਾ ਲੰਮਾ ਸਮਾਂ ਏਥੇ ਰੁਕੇ ਰਹੇ....? ਪਾਤਸ਼ਾਹ ਜੀ ਨੇ ਕਿਹਾ ਮਹਾਰਾਜ ਜੀ ਦੀ ਅੰਸ਼-ਬੰਸ ਅੱਗੇ ਸਤਿਕਾਰ ਵਜੋਂ ਸਾਡਾ ਸਦਾ ਸੀਸ ਝੁਕਦਾ ਰਹੇਗਾ। ਬਾਰਠ ਸਾਹਿਬ ਪੰਚਮ ਪਾਤਸ਼ਾਹ ਜੀ ਦਾ ਟਿਕਾਣਾ ਜਾਣ ਸੰਗਤਾਂ ਦਾ ਆਉਣਾ ਜਾਣਾ ਕਾਫੀ ਸੀ। ਇਕ ਦਿਨ ਕਰਤਾਰਪੁਰ ਸਾਹਿਬ ਤੋਂ ਸੰਗਤ ਆਈ ਜਿੰਨਾ ਨੇ ਇਕ ਬਜੁਰਗ ਨੂੰ ਮੰਜੇ ਤੇ ਲੰਮੇ ਪਾ ਕੇ ਮਹਾਰਾਜ ਜੀ ਦੇ ਹਜ਼ੂਰ ਲਿਆਂਦਾ

ਸੰਗਤਾਂ ਨੇ ਉਸ ਬਜੁਰਗ ਬਾਬਤ ਦੱਸਿਆ ਕਿ ਜਦੋਂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਨੇ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਨਗਰ ਦੀ ਨੀਂਹ ਰੱਖੀ ਤਾਂ ਉਥੇ ਘਣਾਂ ਜੰਗਲ ਸੀ।ਲਾਗਲੇ ਪਿੰਡਾਂ ਦੀ ਵਸਨੀਕ ਇਕ ਮਾਤਾ ਗੁਰੂ ਪਾਤਸ਼ਾਹ ਜੀ ਲਈ ਦੁੱਧ ਲੈ ਕੇ ਆਇਆ ਕਰਦੀ

ਇਕ ਦਿਨ ਭਾਈ ਦੋਧੀਆ ਪਿੱਛਾ ਕਰਦਾ ਉਥੇ ਆਣ ਪਹੁੰਚਿਆ। ਮਾਤਾ ਨੇ ਗੁਰੂ ਪਾਤਸ਼ਾਹ ਜੀ ਲਈ ਛੰਨੇ ਚ ਦੁੱਧ ਪਾਇਆ ਤਾਂ ਸਤਿਗੁਰੂ ਜੀ ਨੇ ਕਿਹਾ ਇਕ ਹੋਰ ਛੰਨੇ ਚ ਪਾਓ ਭਾਈ ਦੋਧੀਆ ਨੇ ਵੀ ਛਕਣਾਂ ਹੈ...?

ਭਾਈ ਦੋਧੀਆ ਦਾ ਨਾਮ ਸੁਣ ਮਾਤਾ ਬੜਾ ਹੈਰਾਨ ਹੋਈ,ਪਾਤਸ਼ਾਹ ਜੀ ਨੇ ਆਵਾਜ਼ ਦਿੱਤੀ ਭਾਈ ਦੋਧੀਆ ਜੀ ਲੁਕ ਕੇ ਕੀ ਵੇਖਦੇ ਹੋ...?

ਆਓ ਦੁੱਧ ਛਕੋ,ਦੋਧੀਆ ਮਹਾਰਾਜ ਜੀ ਦੇ ਚਰਨਾਂ ਤੇ ਢਹਿ ਪਿਆ,ਮਹਾਰਾਜ ਜੀ ਨੇ ਦੁਬਾਰਾ ਬਚਨ ਕੀਤਾ,ਆਓ ਦੁੱਧ ਛਕੋ,ਉਸਤੋਂ ਬਾਅਦ ਦੋਵਾਂ ਜੀਆਂ ਨੇ ਲੰਮਾ ਸਮਾਂ ਮਹਾਰਾਜ ਜੀ ਦੇ ਚਰਨ ਪਰਸੇ। ਗੁਰੂ ਪਾਤਸ਼ਾਹ ਜੀ ਨੇ ਦੋਵਾਂ ਨੂੰ ਕਿਹਾ ਤੁਸੀ ਜੋ ਚਾਹੋ ਮੰਗ ਸਕਦੇ ਹੋ। ਮਾਤਾ ਨੇ ਚਰਨਾ ਚ ਸਦੀਵ ਨਿਵਾਸ ਮੰਗਿਆ,ਪਰ ਭਾਈ ਦੋਧੀਆ ਨੇ ਕਿਹਾ ਮੈਨੂੰ ਮੌਤ ਤੋਂ ਬਹੁਤ ਡਰ ਲੱਗਦਾ ਹੈ ਮੈਨੂੰ ਲੰਮੀ ਉਮਰ ਬਖਸ਼ ਦਿਓ।

ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿੱਚ ਕੋਈ ਘਾਟਾ ਨਹੀ,ਪਰ ਸਮਾਂ ਬੀਤਣ ਦੇ ਨਾਲ ਲੰਮੀ ਉਮਰ ਦਾ ਦੁੱਖ ਭਾਈ ਦੋਧੀਆ ਨੂੰ ਉਦੋਂ ਪਤਾ ਲੱਗਾ,ਜਦੋਂ ਭਾਈ ਦੋਧੀਆ ਦੇ ਸਾਰੇ ਸੰਗੀ-ਸਾਥੀ ਭੈਣ ਭਰਾ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਉਸਦੀ ਘਰਵਾਲੀ ਵੀ ਅਕਾਲ ਚਲਾਣਾ ਕਰ ਗਈ। ਪੁੱਤ-ਪੋਤਰਿਆਂ ਤੱਕ ਉਸ ਦੀ ਪਹਿਚਾਣ ਬਣੀ ਰਹੀ ਪਰ ਉਨ੍ਹਾਂ ਤੋਂ ਬਾਅਦ ਘਰ ਵਿੱਚ ਪਏ ਭਾਈ ਦੋਧੀਆ ਨੂੰ ਕੋਈ ਪਹਿਚਾਣਦਾ ਵੀ ਨਹੀਂ ਸੀ।ਹਾਲਾਤ ਐਸੇ ਬਣੇ ਕਿ ਇਕ ਦਿਨ ਪੋਤਰਿਓ ਨੂੰਹ ਨੂੰ ਉਸ ਦੀ ਧੀ ਨੇ ਪੁੱਛਿਆ ਕਿ ਇਹ ਬਾਪੂ ਕੌਣ ਹੈ...? ਤਾਂ ਉਹ ਕਹਿਣ ਲੱਗੀ ਮੈਨੂੰ ਨਹੀਂ ਪਤਾ ਜਦੋਂ ਮੈਂ ਇਸ ਘਰ ਵਿਚ ਵਿਆਹੀ ਆਈ ਸੀ ਇਹ ਉਦੋਂ ਵੀ ਏਦਾਂ ਮੰਜੇ ਤੇ ਪਿਆ ਸੀ,ਮੇਰੀ ਸੱਸ ਵੀ ਕਹਿੰਦੀ ਹੈ,ਕਿ ਜਦੋਂ ਮੈਂ ਵਿਆਹੀ ਆਈ ਉਦੋਂ ਵੀ ਏਥੇ ਹੀ ਮੰਜੇ ਤੇ ਪਿਆ ਸੀ। ਸੰਗਤਾਂ ਨੇ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਹੁਣ ਇਸ ਭਾਈ ਦੋਧੀਆ ਜੀ ਏਨੀ ਵਡੇਰੀ ਉਮਰ ਦਾ ਵਰ ਮੰਗ ਕੇ ਪਛਤਾ ਰਿਹਾ ਹੈ,ਆਪ ਜੀ ਬਖਸ਼ ਦਿਓ।ਅਸੀ ਕਰਤਾਰਪੁਰ ਸਾਹਿਬ ਤੋਂ ਆਏ ਹਾਂ,ਦੋਧੀਆ ਨੇ ਸੁਰਤ ਸੰਭਾਲੀ ਤੇ ਕਿਹਾ ਮਹਾਰਾਜ ਮੈਨੂੰ ਬਖਸ਼ਾ ਦਿਓ ਮੈਂ ਭੁਲਣਹਾਰ ਹਾਂ ਮੈਨੂੰ ਮੌਤ ਤੋਂ ਬਹੁਤ ਡਰ ਲੱਗਦਾ ਸੀ। ਜਿਸ ਕਰਕੇ ਮੈਂ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਤੋਂ ਲੰਮੀ ਆਯੂ ਮੰਗ ਕੇ ਬਹੁਤ ਪਛਤਾ ਰਿਹਾ ਹਾਂ। ਇਸ ਸੰਸਾਰ ਵਿਚ ਨਿੰਰਕਾਰ ਤੋਂ ਸਿਵਾਏ ਕੋਈ ਕਿਸੇ ਦਾ ਨਹੀ ਮੇਰੇ ਧੀਆਂ ਪੁੱਤਾਂ ਦਾ ਪਰਿਵਾਰ ਮੈਨੂੰ ਪੁੱਛਦਾ ਤੱਕ ਨਹੀ ਮੈਂ ਲਾਵਾਰਿਸਾਂ ਵਾਂਗ ਮੰਜੇ ਤੇ ਪਿਆ ਹਾਂ। ਬਾਬਾ ਸ੍ਰੀ ਚੰਦ ਅਤੇ ਪੰਚਮ ਪਾਤਸ਼ਾਹ ਜੀ ਨੇ ਭਾਈ ਦੋਧੀਆ ਜੀ ਦੇ ਜਨਮ ਮਰਣ ਦਾ ਗੇੜ ਕੱਟਦਿਆਂ ਉਸਦਾ ਬਾਰਠ ਸਾਹਿਬ ਵਿਖੇ ਉਧਾਰ ਕੀਤਾ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਏਨਾ ਜਿਆਦਾ ਸਤਿਕਾਰ ਕਰਦੇ ਸਨ ਕਿ ਜਦੋਂ ਬਾਬਾ ਸ੍ਰੀ ਚੰਦ ਜੀ ਚੌਥੇ ਪਾਤਸ਼ਾਹ ਜੀ ਨੂੰ ਮਿਲਣ ਆਏ ਤਾਂ ਉਨ੍ਹਾਂ ਦੇ ਚਰਨ,ਨਿਮਰਤਾ ਦੇ ਪੁੰਜ ਚੌਥੇ ਪਾਤਸ਼ਾਹ ਜੀ ਨੇ ਆਪ ਹੱਥੀਂ ਸਾਫ ਕੀਤੇ,ਪੰਜ ਸੌ ਰੁਪਏ ਮਾਇਆ ਇਕ ਘੋੜਾ ਭੇਟ ਕੀਤਾ।




ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜੀ ਕੋਲ ਜਦੋਂ ਬਾਬਾ ਸ੍ਰੀ ਚੰਦ ਜੀ ਆਏ ਕਹਿਣ ਲੱਗੇ ਅਸੀ ਕੁਝ ਲੈਣ ਆਏ ਹਾਂ...?

ਸਤਿਗੁਰੂ ਜੀ ਨੇ ਬਚਨ ਕੀਤਾ ਸਭ ਕੁਝ ਹੈ ਹੀ ਤੁਹਾਡਾ,ਜੋ ਵੀ ਚਾਹੀਦਾ ਹੈ ਲੈ ਜਾਵੋ,ਤਾਂ ਉਸ ਵਕਤ ਬਾਬਾ ਸ੍ਰੀ ਚੰਦ ਜੀ ਨੇ ਛੇਵੇਂ ਪਾਤਸ਼ਾਹ ਜੀ ਦੇ ਪੰਜ ਪੁੱਤਰ ਬਾਬਾ ਸੂਰਜ ਮੱਲ,ਬਾਬਾ ਗੁਰਦਿੱਤਾ,ਬਾਬਾ ਅਟੱਲ ਰਾਇ,ਬਾਬਾ ਅਣੀ ਰਾਇ,ਬਾਬਾ ਤਿਆਗ ਮੱਲ ਸਾਰਿਆ ਤੋਂ ਵੱਡੇ ਬਾਬਾ ਗੁਰਦਿੱਤਾ ਜੀ ਦੀ ਬਾਂਹ ਫੜ੍ਹ ਲਈ ਇਹ ਪੁੱਤਰ ਸਾਨੂੰ ਦੇ ਦਿਓ,ਛੇਵੇਂ ਪਾਤਸ਼ਾਹ ਜੀ ਨੇ ਖੁਸ਼ੀ ਨਾਲ ਪੁੱਤਰ ਦੀ ਬਾਂਹ ਫੜ੍ਹਾ ਦਿੱਤੀ ਜੋ ਬਾਬਾ ਸ੍ਰੀ ਚੰਦ ਜੀ ਤੋਂ ਬਾਅਦ ਉਦਾਸੀ ਸਪ੍ਰਦਾਇ ਦੇ ਮੁਖੀ ਬਣੇ ਜਿੰਨਾ ਸਿੱਖੀ ਪ੍ਰਚਾਰ ਬਹੁਤ ਵੱਡੀ ਪੱਧਰ ਤੇ ਕੀਤਾ।

ਜਦੋਂ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਪਹਾੜੀ ਰਾਜਿਆਂ ਅਤੇ ਮੁਗਲ਼ਾ ਨੇ ਰਲਕੇ ਭੰਗਾਣੀ ਦੇ ਅਸਥਾਨ ਤੇ ਗੁਰੂ ਪਾਤਸ਼ਾਹ ਜੀ ਤੇ ਯੁੱਧ ਥੋਪ ਦਿੱਤਾ,ਉਦੋਂ ਚੜ੍ਹਕੇ ਆਏ ਵੈਰੀ ਦਲਾਂ ਦੇ ਜਰਨੈਲ ਹਯਾਤ ਖਾਂ ਦਾ ਸਿਰ ਆਪਣੇ ਕੁੱਤਕੇ ਨਾਲ ਮਹੰਤ ਕ੍ਰਿਪਾਲ ਦਾਸ ਉਦਾਸੀ ਨੇ ਫੇਹਿਆਂ ਸੀ,ਦਸਮ ਪਿਤਾ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਭੰਗਾਣੀ ਦੀ ਜੰਗ ਤੇ ਫਤਿਹ ਤੋਂ ਬਾਅਦ ਪੀਰ ਬੁੱਧੂ ਸ਼ਾਹ ਜੀ ਅਤੇ ਮਹੰਤ ਕ੍ਰਿਪਾਲ ਦਾਸ ਜੀ ਨੂੰ ਸਿਰੋਪਾਓ ਭੇਟ ਕੀਤੇ ਸਨ। ਸਤ੍ਹਾਰਵੀਂ ਸਦੀ ਵਿਚ ਜਦੋਂ ਖਾਲਸਾ ਜੰਗਾਂ-ਯੁੱਧਾਂ ਵਿਚ ਵਿਚਰਦਾ ਰਿਹਾ,ਉਸ ਕਠਿਨ ਸਮੇਂ ਸਾਡੇ ਪਵਿੱਤਰ ਧਰਮ ਅਸਥਾਨ ਗੁਰਦੁਆਰਾ ਸਾਹਿਬਾਨ ਇਹਨਾਂ ਉਦਾਸੀਆਂ ਨਿਰਮਲਿਆਂ ਹੀ ਸੰਭਾਲੇ ਸਨ,ਹੱਥ ਨਾਲ ਗੁਰਬਾਣੀ ਦੇ ਗੁਟਕੇ ਸਾਹਿਬ ਲਿਖਕੇ ਘਰ ਘਰ ਵੰਡੇ ਬਹੁਤ ਵੱਡੀਆਂ ਸੇਵਾਵਾਂ ਇਸ ਸਪ੍ਰਦਾਇ ਨੇ ਕੀਤੀਆਂ,ਜੋ ਉਦਾਸੀ ਪੰਥ ਦੇ ਬਾਨੀ ਬਾਬਾ ਸ੍ਰੀ ਚੰਦ ਜੀ ਦਾ ਸਿੱਖ ਧਰਮ ਪ੍ਰਤੀ ਪਿਆਰ ਬਖਸ਼ਿਸ਼ ਸੀ। ਸੰਨ੍ਹ 1783 ਵਿਚ ਬਰਸਾਤ ਨਾ ਹੋਣ ਕਾਰਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਦਾ ਜਲ ਖੁਸ਼ਕ ਹੋ ਗਿਆ,ਉਦਾਸੀ ਬਾਬਾ ਸੰਤੋਖ ਦਾਸ ਜੀ ਨੇ ਰਾਵੀ ਦਰਿਆ ਚੋਂ ਹੰਸਲੀ ਬਣਵਾ ਕੇ ਪੰਜਾਂ ਪਵਿੱਤਰ ਸਰੋਵਰਾਂ ਵਿੱਚ ਦਰਿਆ ਦਾ ਜਲ ਪਾਇਆ,ਅੱਜ ਵੀ ਉਨ੍ਹਾਂ ਮਹਾਂਪੁਰਸ਼ਾਂ ਦਾ ਬੁੰਗਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਲੰਗਰ ਹਾਲ ਦੇ ਪਿਛਲੇ ਪਾਸੇ ਮੌਜੂਦ ਹੈ,ਉਸ ਮਾਰਕੀਟ ਦਾ ਨਾਮ ਵੀ ਬ੍ਰਹਮ ਬੂਟਾ ਮਾਰਕੀਟ ਹੈ,ਜੋ ਉਦਾਸੀ ਸੰਤ ਬਾਬਾ ਬ੍ਰਹਮ ਦਾਸ ਬਾਬਾ ਸੰਤੋਖ ਦਾਸ ਜੀ ਦੇ ਨਾਮ ਤੇ ਹੈ।ਬੜੀਆਂ ਸੇਵਾ ਸਿਮਰਨ ਵਾਲੀਆਂ ਰੂਹਾਂ ਨਾਲ ਭਰਪੂਰ ਇਤਿਹਾਸ ਹੈ ਉਦਾਸੀ ਸਪ੍ਰਦਾਇ ਦਾ ਪਰ ਸਾਡੇ ਪ੍ਰਚਾਰਕ ਖੁੱਦ ਕਿਸੇ ਪਾਸੇ ਨਹੀ ਅਕ੍ਰਿਤਘਣਾਂ ਨੂੰ ਛੱਡ ਦੇਈਏ ਤਾਂ ਬਾਕੀਆਂ ਚੋਂ ਵੀ ਜਿਆਦਾਤਰ ਸਭਨਾਂ ਦੀਆਂ ਨਜ਼ਰਾਂ ਵਿਚ ਚੰਗੇ ਬਣੇ ਰਹਿਣ ਦੀ ਬੀਮਾਰੀ ਦੇ ਸ਼ਿਕਾਰ ਹਨ। ਜਿਸ ਘਰ ਬਾਬਾ ਸ੍ਰੀ ਚੰਦ ਜੀ ਜਨਮੇ ਉਹ ਘਰ ਜਗਤ ਗੁਰੂ ਸ੍ਰੀ ਨਾਨਕ ਦੇਵ ਮਹਾਰਾਜ ਜੀ ਦਾ ਸੀ,ਜਿਸ ਕੁੱਖ ਚੋਂ ਮਹਾਂਪੁਰਸ਼ਾਂ ਜਨਮ ਲਿਆ ਉਹ ਕੁੱਖ ਮਾਤਾ ਸੁਲੱਖਣੀ ਦੀ ਸੀ,ਜਿਸ ਭੈਣ ਬੇਬੇ ਨਾਨਕੀ ਨੇ ਪੁੱਤ ਬਣਾ ਪਾਲਿਆ ਉਹ ਭੈਣ ਨਾਨਕੀ ਸੀ,ਜਿੰਨਾ ਦੀ ਪਾਰਖੂ ਨਿਗ੍ਹਾ ਨੇ ਧੁਰੋਂ ਗੁਰੂ ਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਨੂੰ ਸਭ ਤੋਂ ਪਹਿਲਾਂ ਰੱਬੀ ਜੋਤ ਵਜੋਂ ਪਹਿਚਾਣਿਆ ਸੀ,ਬਾਕੀ ਸਮਝਣ ਵਾਲਿਆਂ ਲਈ ਇਸ਼ਾਰਾ ਹੀ ਕਾਫੀ ਹੁੰਦਾ,ਉਹ ਮਹਾਨ ਆਤਮਾਵਾਂ ਸੂਰਜ ਦੀ ਨਿਆਈ ਹੁੰਦੀਆਂ ਹਨ। ••


1984
2024
ਸਲਾਨਾ ਨੈਸ਼ਨਲ ਸਿੱਖ ਕਨਵੈਨਸ਼ਨ
ਸਿੱਖ ਫੈਡਰੇਸ਼ਨ (ਯੂਕੇ) SIKH FEDERATION (UK)
Sikh Federation UK
NATIONAL SIKH CONVENTION
Highlighting the issues facing the Sikh Community & leading the campaign for re-establishing a Sikh homeland
SUNDAY 15 SEPTEMBER 2024
ਸਿੱਖ ਫੈਡਰੇਸ਼ਨ (ਯੂਕੇ) ਦੀ 40ਵੀਂ ਸਲਾਨਾ ਕਨਵੈਨਸ਼ਨ 15 ਸਤੰਬਰ ਦਿਨ ਐਤਵਾਰ ਨੂੰ
ਗੁਰੂ ਨਾਨਕ ਗੁਰਦੁਆਰਾ, ਸੈਜਲੀ ਸਟਰੀਟ, ਵੁਲਵਰਹੈਂਪਟਨ ਵਿਖੇ ਹੋ ਰਹੀ ਹੈ।
ਪ੍ਰੋਗਰਾਮ: ਆਰੰਭ ਸ੍ਰੀ ਅਖੰਡ ਪਾਠ ਸਾਹਿਬ 13 ਸਤੰਬਰ 10 ਵਜੇ ਅਤੇ ਭੋਗ 15 ਸਤੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਉਪਰੰਤ ਵੱਖ ਵੱਖ ਦੇਸ਼ਾਂ ਤੋਂ ਆਏ ਪੰਥਕ, ਰਾਜਨੀਤਕ ਅਤੇ ਧਾਰਮਿਕ ਬੁਲਾਰਿਆਂ ਦੇ ਨਾਲ ਪੰਥ ਦੇ ਮਹਾਨ ਕੀਰਤਨੀ, ਢਾਡੀ ਅਤੇ ਕਵੀਸ਼ਰੀ ਜਥੇ ਪਹੁੰਚ ਰਹੇ ਹਨ ।
ਸਮੂੰਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ 15 ਸਤੰਬਰ ਦਿਨ ਐਤਵਾਰ 10 ਵਜੇ ਕਨਵੈਨਸ਼ਨ ਵਿਚ ਪਹੁੰਚ ਕੇ ਪੰਥਕ ਵਿਚਾਰਾਂ ਸਰਵਣ ਕਰੋ ਜੀ ।
Sri Akhand Paath Sahib Arambh: Fri 13th at 10am
Bhog: Sun 15th at 10am
• Open invitation to all Panthic Organisations and Gurdwaras
• Special guest Panthic & Political speakers from the UK and Internationally
• Release of the 2023-24 SFUK Annual Report
40 YEARS
GURU NANAK GURDWARA
SEDGLEY ST, WOLVERHAMPTON
WV2-3AJ
ਖਾਲਿਸਤਾਨ KHALISTAN
FOR FURTHER INFORMATION CONTACT:
Bhai Amrik Singh Chairperson 07860 633 488
Bhai Kuldeep Singh Vice Chairperson 07938 633 554
Contact your local Gurdwara regarding transport arrangements
Bhai Hardish Singh Chief Organiser 07886 781724
Bhai Dabinderjit Singh Principle Advisor 07485 039944
info@sikhfeduk.com www.sikhfeduk.com Sikh Federation UK @Sikhfeduk @SikhFed_UK



# ਬਾਬਾ ਜੰਗ ਸਿੰਘ ਜੀ ਮੁਸਤਫ਼ਾਬਾਦ ਵਾਲੇ

ਬੰਦੀ ਸਿੰਘ ਰਿਹਾਈ ਮੋਰਚੇ ਦੇ ਮੁੱਖੀ **ਬਾਬਾ ਜੰਗ ਸਿੰਘ ਜੀ ਮੁਸਤਫ਼ਾਬਾਦ ਵਾਲਿਆਂ** ਦਾ ਦਸਿਹਰਾ ਸਮਾਗਮ **ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 14 ਸਤੰਬਰ** ਨੂੰ ਹੋਵੇਗਾ

ਸਮੂਹ ਸਿੱਖ ਸੰਸਥਾਵਾਂ ਜਥੇਬੰਦੀਆਂ ਅਤੇ ਪੰਥਿਕ ਸ਼ਖਸੀਅਤਾ ਨੂੰ ਹਾਜ਼ਰੀ ਭਰਨ ਦੀ ਹੱਥ ਜੋੜ ਬੇਨਤੀ ਕਰਦੇ ਹਾਂ।

## --: ਜਾਰੀ ਕਰਤਾ :---

**ਭਾਈ ਸੁਰਿੰਦਰ ਸਿੰਘ ਠੀਕਰੀਵਾਲ**
**ਭਾਈ ਰਮਨਦੀਪ ਸਿੰਘ ਬੱਗਾ (ਤਿਹਾੜ ਜੇਲ੍ਹ )**
**ਭਾਈ ਹਰਦੀਪ ਸਿੰਘ ਸ਼ੇਰਾ (ਤਿਹਾੜ ਜੇਲ੍ਹ )**
**ਭਾਈ ਇਕਬਾਲਪ੍ਰੀਤ ਸਿੰਘ ਭੁੱਚੀ**



# ਬਾਬਾ ਜੰਗ ਸਿੰਘ ਜੀ ਮੁਸਤਫ਼ਾਬਾਦ ਵਾਲੇ

ਬੰਦੀ ਸਿੰਘ ਰਿਹਾਈ ਮੋਰਚੇ ਦੇ ਮੁੱਖੀ **ਬਾਬਾ ਜੰਗ ਸਿੰਘ ਜੀ ਮੁਸਤਫ਼ਾਬਾਦ ਵਾਲਿਆਂ** ਦਾ ਦਸਿਹਰਾ ਸਮਾਗਮ **ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖ਼ੇ 14 ਸਤੰਬਰ** ਨੂੰ ਹੋਵੇਗਾ

ਸਮੂਹ ਸਿੱਖ ਸੰਸਥਾਵਾਂ ਜਥੇਬੰਦੀਆਂ ਅਤੇ ਪੰਥਿਕ ਸ਼ਖਸੀਅਤਾ ਨੂੰ ਹਾਜ਼ਰੀ ਭਰਨ ਦੀ ਹੱਥ ਜੋੜ ਬੇਨਤੀ ਕਰਦੇ ਹਾਂ।

## --: ਜਾਰੀ ਕਰਤਾ :---

**ਭਾਈ ਲਖਵਿੰਦਰ ਸਿੰਘ ਲੱਖਾ**
**ਭਾਈ ਸੁਰਿੰਦਰ ਸਿੰਘ ਠੀਕਰੀਵਾਲ**
**ਭਾਈ ਜੈਮਲ ਸਿੰਘ ਦਮਦਮੀ ਟਕਸਾਲ**




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਪ੍ਰਣਾਮ ਸ਼ਹੀਦਾਂ ਨੂੰ
ਧਰਮ ਯੁੱਧ ਮੋਰਚੇ ਦੌਰਾਨ ਸ਼੍ਰੀ ਤਰਨਤਾਰਨ ਸਾਹਿਬ ਵਿਖੇ ਰੇਲਵੇ ਫਾਟਕ ਉਪਰ ਸ਼ਹੀਦ ਹੋਏ 34 ਸਿੰਘ ਸ਼ਹੀਦਾਂ ਦੀ ਯਾਦ
ਅਤੇ ਬਾਬਾ ਸਵਰਨ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਯਾਦ ਨੂੰ ਸਮਰਪਿਤ
ਸ਼ਹੀਦੀ ਜੋੜ ਮੇਲਾ
ਸ਼ਹੀਦਾਂ ਦੀ ਯਾਦ ਵਿੱਚ ਹੇਠ ਲਿਖੇ ਪਿੰਡਾਂ ਵਿੱਚ
7 ਤੋਂ 9 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ ਜੀ
ਮਿਤੀ 13 ਸਤੰਬਰ 2024 ਸਮਾਂ: ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ
ਗੁਰਦੁਆਰਾ 34 ਸਿੰਘ ਸ਼ਹੀਦਾਂ ਸ਼ਾਹਪੁਰ ਬੇਲਾ ਸਰਾਏ ਪੱਤਣ
(ਨੂਰਪੁਰ ਬੇਦੀ ਰੋਪੜ) ਵਿਖੇ
ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10:00 ਪਾਏ ਜਾਣਗੇ,
ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ
ਅਜ਼ਾਦ ਟੈਕਸੀ ਯੂਨੀਅਨ ਰੂਪਨਗਰ (ਪੰਜਾਬ) ਅਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਰੂਪਨਗਰ ਵਲੋਂ
ਖੂਨਦਾਨ ਕੈਂਪ
ਭਾਈ ਲਖਵਿੰਦਰ ਸਿੰਘ ਪਾਰਸ HSGMC
ਸਮੱਗਮ ਵਿੱਚ ਸੰਤ ਮਹਾਂਪੁਰਸ਼ ਰਾਗੀ ਢਾਡੀ, ਕਥਾਵਾਚਕ ਪ੍ਰਚਾਰਕ ਸਿੱਖ ਸੰਗਤਾਂ ਨੂੰ ਗੁਰੂ ਜੱਸ ਸੁਣਾਕੇ ਨਿਹਾਲ ਕਰਣਗੇ
ਸਰਬੱਤ ਸੰਗਤਾਂ ਸਮੇਂ ਸਿਰ ਹਾਜਰੀ ਭਰਕੇ ਜਨਮ ਸਫਲਾ ਕਰੋ ਜੀ
ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC
ਬੇਨਤੀ ਕਰਤਾ:- ਬਾਬਾ ਸਤਨਾਮ ਸਿੰਘ ਜੀ, ਸਮੂਹ ਸਾਧ ਸੰਗਤ ਨਗਰ ਅਤੇ ਇਲਾਕਾ ਨਿਵਾਸੀ ਸ਼ਾਹਪੁਰ ਬੇਲਾ 93560-60960, 98784-49711


ਗੁਰਮਤਿ ਕਥਾ ਸਮਾਗਮ 2024
Gurdwara Guru Nanak Parkash
COVENTRY
ENGLAND
9 ਸਤੰਬਰ ਤੋਂ 15 ਸਤੰਬਰ
DAILY
7.30 AM TO 8.00 AM
6.30 PM TO 7.15 PM
SUNDAY : 11.30 AM-12.30 PM
+91 9478897960
Giani Rajpal Singh Ji Boparai
Student of Damdami Taksal
Kathavachak Gurdwara Shaheeda Talhan

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਜਿਲਾ ਤਰਨਤਾਰਨ ਵੱਲੋਂ

# ਬਿਜਲੀ, ਰਜਿਸਟਰੀ ਰੇਟ, ਵਾਹਨ ਟੈਕਸ, ਡੀਜ਼ਲ/ਪੈਟਰੋਲ ਆਦਿ ਦੇ ਵਧੇ ਰੇਟ ਵਾਪਸ ਲੈਣ ਲਈ ਮੈਮੋਰੈਂਡਮ













**ਤਰਨ-ਤਾਰਨ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਵੀ ਅੱਜ ਸੂਬਾ ਸਰਕਾਰ ਵੱਲੋਂ ਤੇਲ ਕੀਮਤਾਂ ਵਧਾਉਣ ਅਤੇ ਬਿਜਲੀ ਸਬਸਿਡੀ ਵਾਪਸ ਲੈ ਕੇ 'ਤੇ ਲੋਕਾਂ 'ਤੇ ਵਾਧੂ ਬੋਝ ਪਾਉਣ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਇਸ 'ਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਪ੍ਰਜ਼ੀਡੀਅਮ ਮੈਂਬਰਾਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਮੈਂਬਰਾਂ ਵੱਲੋਂ ਜ਼ਿਲ੍ਹਾ ਵਾਰ ਡਿਪਟੀ ਕਮਿਸ਼ਨਰਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਮੰਗ ਪੱਤਰ ਸੌਂਪੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ 9 ਸਤੰਬਰ ਨੂੰ ਜਲੰਧਰ, ਸੰਗਰੂਰ, ਮੁਹਾਲੀ ਤੇ ਪਟਿਆਲਾ ਵਿੱਚ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪੇ ਗਏ। ਇਸੇ ਤਰ੍ਹਾਂ 10 ਸਤੰਬਰ ਨੂੰ ਹੁਸ਼ਿਆਰਪੁਰ, ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ, ਲੁਧਿਆਣਾ, ਮਾਨਸਾ ਅਤੇ 11 ਸਤੰਬਰ ਨੂੰ ਗੁਰਦਾਸਪੁਰ, ਤਰਨ ਤਾਰਨ, ਬਠਿੰਡਾ, ਬਰਨਾਲਾ, ਮੋਗਾ ਤੇ ਰੋਪੜ ਨੂੰ ਸੌਂਪੇ ਗਏ ਅਤੇ 12 ਸਤੰਬਰ ਦਿਨ ਵੀਰਵਾਰ ਨੂੰ ਫਿਰੋਜ਼ਪੁਰ, ਕਪੂਰਥਲਾ, ਫਾਜ਼ਿਲਕਾ ਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਮੰਗ ਪੱਤਰ ਸੌਂਪੇ ਜਾਣਗੇ। ਇਸ ਤੋਂ ਬਾਅਦ 13 ਸਤੰਬਰ ਨੂੰ ਜ਼ਿਲ੍ਹਾ ਫਰੀਦਕੋਟ, ਨਵਾਂ ਸ਼ਹਿਰ, ਪਠਾਨਕੋਟ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਸੌਂਪੇ ਜਾਣਗੇ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਪੈਟਰੋਲ-ਡੀਜ਼ਲ, ਬਿਜਲੀ, ਰਜਿਸਟਰੀ ਰੇਟ, ਵਾਹਨਾਂ ਦੇ ਟੈਕਸ ਅਤੇ ਬੱਸਾਂ ਦੇ ਕਿਰਾਏ ਦੇ ਰੇਟ ਵਧਾਉਣ ਨਾਲ ਜਨਤਾ 'ਤੇ ਬਹੁਤ ਵੱਡਾ ਬੋਝ ਪਾਇਆ ਜਾ ਰਿਹਾ ਹੈ। ਸਰਕਾਰ ਇਸ ਬੇਲੋੜੇ ਬੋਝ ਨੂੰ ਤੁਰੰਤ ਵਾਪਸ ਲਵੇ ਤੇ ਫਿਜ਼ੂਲਖ਼ਰਚੀ ਘਟਾ ਕੇ ਇਸ ਖੱਪੇ ਨੂੰ ਪੂਰਾ ਕਰੇ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੱਤਾ ਵਿਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ ਪਰ ਹਕੀਕਤ ਵਿਚ ਆਮ ਲੋਕਾਂ ਲਈ ਕੁਝ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਥਾਂ ਵਾਧੂ ਦੇ ਟੈਕਸ ਲਾ ਕੇ ਉਨ੍ਹਾਂ 'ਤੇ ਵਿੱਤੀ ਬੋਝ ਪਾ ਦਿੱਤਾ ਹੈ ਜਿਸ ਕਾਰਨ ਆਮ ਲੋਕਾਂ ਦੀ ਪ੍ਰੇਸ਼ਾਨੀ ਵਧ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਤੱਕੜੀ ਬਾਬੇ ਨਾਨਕ ਦੀ



ਲੇਖਕ- ਪਰਦੀਪ ਸਿੰਘ ਬਾਸੀ,
ਵੂਲਵਰਹੈਪਟਨ ਯੂ ਕੇ

ਤੱਕੜੀ ਬਾਬੇ ਨਾਨਕ ਦੀ, ਅੱਜ ਚੋਰਾਂ ਹੱਥ ਫੜਾਈ ਏ,
ਸੱਚ ਨੇ ਜਿਥੇ ਤੁਲਣਾ ਸੀ,ਉਥੇ ਝੂਠ ਦੀ ਹੋਈ ਤੁਲਾਈ ਏ
ਤੱਕੜੀ ਬਾਬੇ ਨਾਨਕ ਦੀ.,

ਅੱਜ ਧਰਮ ਚ ਪੱਕੇ ਯੋਧੇ ,ਇਹਨਾਂ ਜੇਲਾਂ ਵਿਚ ਬੈਠਾਏ ਨੇ,
ਕੱਚਿਆਂ ਪਿਲਿਆਂ ਦੇ ਹੱਥ,ਨਿਸ਼ਾਨ ਸਾਹਿਬ ਫੜਾਏ ਨੇ ,
ਸਮਾਂ ਆਉਣ ਤੇ ਵਿਕ ਜਾਦੇ,ਤੱਕੜੀ ਨੂੰ ਪਿੱਠ ਵਿਖਾਈ ਏ ...
ਸੱਚ ਨੇ ਜਿਥੇ ਤੁਲਣਾ ਸੀ,
ਉਥੇ ਝੂਠ ਦੀ ਹੋਈ ਤੁਲਾਈ ਏ,ਤੱਕੜੀ ਬਾਬੇ ਨਾਨਕ ਦੀ,
ਅੱਜ ਚੋਰਾ ਹੱਥ ਫੜਾਈ ਏ.,

ਅੱਜ ਧਰਮ ਦੇ ਬੁਰਕੇ ਪਾ ਕੇ ,ਇਹਨਾਂ ਮਸੰਦ ਬੈਠਾਏ ਨੇ ,
ਸਿੱਖ ਮਰਯਾਦਾ ਭੰਗ ਕਰਨ ਲਈ,ਦਿੱਲੀਉਂ ਆਡਰ ਆਏ ਨੇ ,
ਸੱਚੇ ਧਰਮੀ ਨਹੀ ਉਠਣ ਦੇਣੇ,ਟਾਸ਼ਕ ਫੋਰਸ਼ ਬਣਾਈ ਏ...ਸੱਚ ਨੇ ਜਿਥੇ ਤੋਲਣਾ ਸੀ,
ਉਥੇ ਝੂਠ ਦੀ ਹੋਈ ਤੁਲਾਈ ਏ,ਤੱਕੜੀ ਬਾਬੇ ਨਾਨਕ ਦੀ,ਅੱਜ ਚੋਰਾ ਹੱਥ ਫੜਾਈ ਏ.,

ਰਾਮ ਰਹੀਮ ਜਿਹੇ ਗੰਦੇ ਬਾਬੇ ,ਇਹਨਾਂ ਵੋਟਾ ਲਈ ਚਮਲਾਏ ਨੇ,
ਸੱਚ ਪੰਥ ਲਈ ਬੋਲਣ ਵਾਲੇ,ਇਹਨਾ ਆਪ ਸ਼ਹੀਦ ਕਰਾਏ ਨੇ ,
ਪੰਥ ਦਾ ਦਰਦੀ ਜਥੇਦਾਰ ਜੀ,ਕਾਉਕੇ ਸਾਹਿਬ ਸ਼ਹੀਦੀ ਪਾਈ ਏ..ਸੱਚ ਨੇ ਜਿਥੇ ਤੁਲਣਾ ਸੀ
ਉਥੇ ਝੂਠ ਦੀ ਹੋਈ ਤੁਲਾਈ ਏ,ਤੱਕੜੀ ਬਾਬੇ ਨਾਨਕ ਦੀ,ਅੱਜ ਚੋਰਾ ਹੱਥ ਫੜਾਈ ਏ.,

ਸਰਬੱਤ ਖਾਲਸੇ ਚੁਣਕੇ ਸਿੰਘ,ਤੱਖਤਾਂ ਉਪਰ ਬੈਠਾਏ ਨੇ
ਕੁਝ ਜੇਲਾ ਵਿਚ ਡੱਕਤੇ, ਮਾਨੋ ਚਾਹਲ ਸ਼ਹੀਦ ਕਰਾਏ ਨੇ ,
ਰਹਿਤ ਤੱਖਤ ਦੀ ਭੰਗ ਕਰਨ ਲਈ,ਬਾਦਲਾਂ ਵਿਉਤ ਬਣਾਈ ਏ..ਸੱਚ ਨੇ ਜਿਥੇ ਤੋਲਣਾ ਸੀ ,
ਉਥੇ ਝੂਠ ਦੀ ਹੋਈ ਤੁਲਾਈ ਏ,ਤੱਕੜੀ ਬਾਬੇ ਨਾਨਕ ਦੀ,ਅੱਜ ਚੋਰਾ ਹੱਥ ਫੜਾਈ ਏ
.
ਤੇਰਾ, ਤੇਰਾ ਤੋਲਣਾ ਛੱਡਕੇ, ਸਾਨੂੰ ਦਿੱਲੀ ਦੇ ਪਾਠ ਪੜਾਏ ਨੇ ,
ਆਪਣੇ ਘਰ ਤਾ ਭਰ ਲਏ ਬਾਦਲਾਂ,ਬਾਕੀਆ ਠੂਠੇ ਹੱਥ ਫੜਾਏ ਨੇ,
ਬਾਸੀ,ਅਕਾਲੀ ਅਕਾਲ ਪੁਜਾਰੀ ਹੁੰਦਾਂ,ਬਾਦਲਾਂ ਲਾਹਕੇ ਸ਼ਰਮ ਵਿਖਾਈ ਏ..ਸੱਚ ਨੇ ਜਿਥੇ ਤੁਲਣਾ ਸੀ,
ਉਥੇ ਝੂਠ ਦੀ ਹੋਈ ਤੁਲਾਈ ਏ,ਤੱਕੜੀ ਬਾਬੇ ਨਾਨਕ ਦੀ,ਅੱਜ ਚੋਰਾ ਹੱਥ ਫੜਾਈ ਏ.,

ਆਵਾਜ਼ਿ ਕੌਮ AWAZE QAUM International Newspaper & WEB TV





## ਜਨਮ ਦਿਨ ਮੁਬਾਰਕ

**ਸਮਰੱਥ ਕੌਰ ਬਾਠ**
ਪਿਤਾ : ਜਗਮੀਤ ਸਿੰਘ ਬਾਠ
ਮਾਤਾ : ਦਿਲਜੋਤ ਕੌਰ ਬਾਠ
ਕੈਨੇਡਾ

ਆਵਾਜ਼ਿ ਕੌਮ AWAZE QAUM International Newspaper & WEB TV

## ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੀ ਮੀਟਿੰਗ ਪੰਨਗੋਟਾ ਵਿਖੇ ਰੱਖੀ

**ਚੋਹਲਾ ਸਾਹਿਬ 12 ਸਤੰਬਰ (ਆਵਾਜ਼ਿ ਕੌਮ ਬਿਊਰੋ)** ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਜੋਨ ਗੁਰੂ ਅਰਜਨ ਦੇਵ ਚੋਹਲਾ ਸਾਹਿਬ ਦੀ ਮੀਟਿੰਗ ਰਣਜੀਤ ਸਿੰਘ ਪਨਗੋਟਾ ਦੀ ਪ੍ਰਧਾਨਗੀ ਵਿੱਚ ਪਿੰਡ ਪਨਗੋਟਾ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਕਿਸਾਨੀ ਮੰਗਾਂ ਤੇ ਵੱਖ-ਵੱਖ ਆਗੂਆਂ ਵੱਲੋ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਬੋਲਦਿਆਂ ਜਥੇਬੰਦੀ ਦੇ ਆਗੂ ਸੁਖਜਿੰਦਰ ਸਿੰਘ ਰਾਜੂ ਅਤੇ ਪ੍ਰਗਟ ਸਿੰਘ ਚੰਬਾ ਨੇ ਕਿਹਾ ਕਿ ਜੋ ਮੋਰਚਾ 13 ਫਰਵਰੀ ਤੋਂ ਵੱਖ-ਵੱਖ ਬਾਰਡਰਾਂ ਜਿਵੇਂ ਸ਼ੰਭੂ,ਖਨੌਰੀ ਆਦਿ ਤੇ ਲਗਾਤਾਰ ਚੱਲ ਰਿਹਾ ਹੈ ਉਨਾਂ ਮੋਰਚਿਆਂ ਵਿੱਚ ਲਗਾਤਾਰ ਕਿਸਾਨ ਆਪੋ ਆਪਣੀ ਵਾਰੀ ਨਾਲ ਹਾਜ਼ਰੀ ਭਰ ਰਹੇ ਹਨ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਹਾਜ਼ਰੀ ਭਰਦੇ ਰਹਿਣਗੇ। ਮੋਰਚਾ ਜਿੰਨਾ ਮਰਜ਼ੀ ਲੰਮਾ ਹੋ ਜਾਵੇ ਹੱਕੀ ਮੰਗਾਂ ਦੀ ਪ੍ਰਾਪਤੀ ਤੱਕ ਮੋਰਚਾ ਜਾਰੀ ਰਹੇਗਾ ਅਤੇ ਕੇਂਦਰ ਸਰਕਾਰ ਜਿੰਨੇ ਮਰਜ਼ੀ ਹੱਥ ਕੰਡੇ ਅਪਣਾ ਲਵੇ ਮੋਰਚਾ ਜਿੱਤ ਕੇ ਹੀ ਕਿਸਾਨ ਵਾਪਸ ਘਰਾਂ ਨੂੰ ਆਉਣਗੇ।ਅੱਗੇ ਬੋਲਦਿਆਂ ਕਿਸਾਨ ਜਥੇਬੰਦੀ ਦੇ ਆਗੂ ਪ੍ਰਗਟ ਸਿੰਘ ਪਰਿੰਗੜੀ ਅਤੇ ਜਸਵੰਤ ਸਿੰਘ ਪੱਖੋਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਲਗਾਤਾਰ ਕਿਸਾਨਾਂ ਅਤੇ ਆਮ ਲੋਕਾਂ ਤੇ ਮਹਿੰਗਾਈ ਦਾ ਬੋਝ ਵਧਾ ਰਹੀ ਹੈ ਜਿਵੇਂ ਪਿਛਲੇ ਦਿਨਾਂ ਵਿੱਚ ਸੱਤ ਕਿਲੋਵਾਟ ਤੇ ਮਿਲਦੀ ਤਿੰਨ ਰੁਪਏ ਪ੍ਰਤੀ ਕੁਇੰਟਲ ਦੀ ਸਬਸਿਡੀ ਖਤਮ ਕਰ ਦਿੱਤੀ ਗਈ ਹੈ ਅਤੇ ਪੈਟਰੋਲ ਅਤੇ ਡੀਜ਼ਲ ਤੇ ਵੈਟ ਵਧਾ ਦਿੱਤਾ ਗਿਆ ਹੈ।ਜਿਸ ਤਰ੍ਹਾਂ ਪੈਟਰੋਲ ਪ੍ਰਤੀ ਲੀਟਰ 61 ਪੈਸੇ ਅਤੇ ਡੀਜ਼ਲ ਪ੍ਰਤੀ ਲੀਟਰ 92 ਪੈਸੇ ਦਾ ਵਾਧਾ ਕਰ ਦਿੱਤਾ ਗਿਆ ਹੈ ਜਿਸ ਨਾਲ ਪੰਜਾਬ ਦੇ ਲੋਕਾਂ ਤੇ 545 ਕਰੋੜ ਰੁਪਏ ਦਾ ਬੋਝ ਪਵੇਗਾ। ਉਹਨਾਂ ਨੇ ਕਿਹਾ ਕਿ ਪੈਟਰੋਲ ਤੇ ਡੀਜ਼ਲ ਦੇ ਰੇਟ ਤਾਂ ਗੁਆਂਢੀ ਸੂਬਿਆਂ ਨਾਲੋਂ ਪੰਜਾਬ ਵਿੱਚ ਪਹਿਲਾਂ ਹੀ ਵੱਧ ਹਨ।ਉਨ੍ਹਾਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਇਹ ਵਧਾਏ ਰੇਟ ਵਾਪਸ ਲਏ ਜਾਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਲਖਵਿੰਦਰ ਸਿੰਘ,ਸੁਖਦੇਵ ਸਿੰਘ ਗੰਡੀਵਿੰਡ, ਗੁਰਨਾਮ ਸਿੰਘ ਚੰਬਾ,ਅਮਰਜੀਤ ਸਿੰਘ,ਸੁਖਦੇਵ ਸਿੰਘ ਵਪਾਰੀ,ਸੋਹਣ ਸਿੰਘ,ਪਹਿਲਵਾਨ ਅੰਗਰੇਜ਼ ਸਿੰਘ ਬਿੱਲਾ,ਸੁਖਵਿੰਦਰ ਸਿੰਘ ਪਨਗੋਟਾ,ਨਿਰਮਲ ਸਿੰਘ,ਕੇਵਲ ਸਿੰਘ,ਵੀਰ ਸਿੰਘ ਕਿਰਤੋਵਾਲ,ਬਲਦੇਵ ਸਿੰਘ,ਹਰਜਿੰਦਰ ਸਿੰਘ,ਪਰਗਟ ਸਿੰਘ ਪੱਖੋਪੁਰ,ਸ਼ਿਹਬਾਜ ਸਿੰਘ ਫੌਜੀ,ਸੁਖਵਿੰਦਰ ਸਿੰਘ,ਸੁਖਬੀਰ ਸਿੰਘ ਪਰਿੰਗੜੀ,ਕੁਲਵੰਤ ਸਿੰਘ ਨਦੋਹਰ,ਤਰਸੇਮ ਸਿੰਘ,ਕੁਲਦੀਪ ਸਿੰਘ ਨਬੀਪੁਰ ਆਦਿ ਆਗੂ ਵੀ ਹਾਜ਼ਰ ਸਨ।

# ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸ਼ਾਨਾ-ਮੱਤੇ ਇਤਿਹਾਸ ਤੇ ਇਕ ਪੰਛੀਝਾਤ

ਸੰਨ 1943 ਦੇ ਮੁੱਢਲੇ ਦਿਨਾਂ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਕਾਲਜ ਕਮੇਟੀ ਵੱਲੋਂ ਕਪੂਰਥਲੇ ਦੇ ਪਤਿਤ ਮਹਾਰਾਜੇ ਨੂੰ ਸਨਮਾਨਿਤ ਕਰਨ ਦਾ ਵਿਰੋਧ ਕੀਤਾ ਅਤੇ ਮਾਹਰਾਜੇ ਦੇ ਖਿਲਾਫ਼ ਨਾਅਰੇਬਾਜ਼ੀ ਅਤੇ ਪ੍ਰਦਰਸ਼ਨ ਕੀਤਾ। ਇਹਨਾਂ ਨੌਜਵਾਨਾਂ ਦੀ ਅਗਵਾਈ ਸਰਦਾਰ ਅਮਰ ਸਿੰਘ ਅੰਬਾਲਵੀਂ ਨੇ ਕੀਤੀ।ਇਸ ਪ੍ਰਦਰਸ਼ਨ ਉਪਰੰਤ ਸ. ਅੰਬਾਲਵੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ।ਇੰਞ ਹੀ ਫੈਡਰੇਸ਼ਨ ਦੇ ਜਨਮ ਦੀ ਨੀਂਹ ਰੱਖੀ ਗਈ।ਸ. ਅਮਰ ਸਿੰਘ ਅੰਬਾਲਵੀ ਨੇ ਸਿੱਖ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਦਾ ਫੈਸਲਾ ਕੀਤਾ। ਕੁਝ ਹੀ ਦਿਨਾਂ ਮਗਰੋਂ ਲਾਹੌਰ ਦੇ ਲਾਅ ਕਾਲਜ ਵਿੱਚ ਸਰਗਰਮ ਸਿੱਖ ਵਿਦਿਆਰਥੀਆਂ ਦੀ ਇੱਕ ਇੱਕਤਰਤਾ ਹੋਈ।ਇਸ ਮੀਟਿੰਗ ਵਿੱਚ ਬਹੁਤ ਹੀ ਸਰਗਰਮ ਸਿੱਖ ਵਿਦਿਆਰਥੀਆਂ ਦੇ ਤੇਰਾਂ ( 10 ) ਨੁਮਾਇੰਦੇ ਸ਼ਾਮਲ ਹੋਏ। ਜਿਨ੍ਹਾਂ ਵਿੱਚ ਸ. ਸਰੂਪ ਸਿੰਘ, ਸ. ਅਮਰ ਸਿੰਘ ਅੰਬਾਲਵੀ, ਸ. ਜਵਾਹਰ ਸਿੰਘ ਗਰੇਵਾਲ, ਸ. ਨਰਿੰਦਰ ਸਿੰਘ, ਸ. ਕੇਸਰ ਸਿੰਘ, ਸ. ਧਰਮਵੀਰ ਸਿੰਘ, ਸ. ਜਗੀਰ ਸਿੰਘ, ਸ. ਇੰਦਰਪਾਲ ਸਿੰਘ, ਸ. ਆਗਿਆ ਸਿੰਘ ਅਤੇ ਸ. ਬਲਬੀਰ ਸਿੰਘ ਸ਼ਾਮਲ ਸਨ। ਇਸ ਮੀਟਿੰਗ ਵਿੱਚ ਸਿੱਖ ਵਿਦਿਆਰਥੀਆਂ ਦੀ ਇੱਕ ਜੱਥੇਬੰਦੀ ਬਣਾਉਣ ਦਾ ਫੈਸਲਾ ਕੀਤਾ ਗਿਆ ਅਤੇ ਜਲਦ ਹੀ ਸਿੱਖ ਵਿਦਿਆਰਥੀਆਂ ਦੀ ਇੱਕ ਹੋਰ ਵੱਡੀ ਇੱਕਤਰਤਾ ਕਰਨ ਦਾ ਫ਼ੈਸਲਾ ਕੀਤਾ ।ਦੂਜੀ ਇੱਕਤਰਤਾ ਸ਼੍ਰੋਮਣੀ ਅਕਾਲੀ ਦੇ ਦਫ਼ਤਰ 13 ਮੈਕਲੇਗਨ ਰੋਡ, ਲਾਹੌਰ ਵਿਖੇ ਹੋਈ।1943 ਵਿੱਚ ਅਜੀਤ ਅਤੇ ਅਕਾਲੀ ਪ੍ਰਤੱਕਾ ਅਖ਼ਬਾਰ ਵੀ ਇਸੇ ਦਫ਼ਤਰ ਵਿੱਚੋਂ ਛਪਦੇ ਸਨ।ਇਹ ਇੱਕਤਰਤਾ ਇੱਕ ਇਤਿਹਾਸਕ ਇੱਕਤਰਤਾ ਹੋ ਨਿਬੜੀ।ਇਸ ਮੀਟਿੰਗ ਵਿੱਚ ਸਿੱਖ ਵਿਦਿਆਰਥੀਆਂ ਦੀ ਜੱਥੇਬੰਦੀ ਦਾ ਨਾਂ ਅਤੇ ਉਦੇਸ਼ ਅਤੇ ਮੁੱਖ ਨਿਸ਼ਾਨਿਆਂ ਬਾਰੇ ਫੈਸਲਾ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਜੱਥੇਬੰਦੀ ਦਾ ਨਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਰੱਖਿਆ ਗਿਆ ਅਤੇ ਜੱਥੇਬੰਦੀ ਦੇ ਪੰਜ ਮੁੱਖ ਉਦੇਸ਼ ਉਲੀਕੇ ਗਏ :




1. ਸਿੱਖ ਵਿਦਿਆਰਥੀਆਂ ਨੂੰ ਇੱਕਠੇ ਕਰਨਾ ਤਾਂ ਜੋ ਉਹਨਾਂ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। 2. ਸਿੱਖ ਵਿਦਿਆਰਥੀਆਂ ਦੇ ਮਨਾਂ ਵਿੱਚ ਗੁਰੂ ਸਾਹਿਬਾਨ ਦੇ ਅਤੇ ਸਿੱਖ ਧਰਮ ਦੇ ਉੱਚੇ ਅਤੇ ਸੁੱਚੇ ਉਪਦੇਸ਼ਾਂ ਲਈ ਪਿਆਰ ਪੈਦਾ ਕਰਨਾ ਅਤੇ ਉਹਨਾਂ ਨੂੰ ਸਿੱਖੀ ਦੇ ਬਹੁਮੁੱਲੇ ਵਿਰਸੇ ਦੀ ਸੋਝੀ ਕਰਵਾਉਣੀ।

3. ਸਿੱਖ ਵਿਦਿਆਰਥੀਆਂ ਦੇ ਮਨਾਂ ਵਿੱਚ ਆਪਣੀ ਵੱਖਰੀ ਕੌਮੀ ਹਸਤੀ ਅਤੇ ਸਿੱਖ ਇੱਕ ਵੱਖਰੀ ਕੌਮ ਦਾ ਅਹਿਸਾਸ ਜਗਾਉਣਾ ਅਤੇ ਉਹਨਾਂ ਨੂੰ ਅਜਿਹਾ ਸਮਾਜ ਘੜਨ ਲਈ ਤਿਆਰ ਕਰਨਾ ਜਿਸ ਵਿੱਚ ਸਿੱਖ ਕੌਮ ਦੇ ਕੌਮੀ ਨਿਸ਼ਾਨੇ ਅਤੇ ਖਾਹਿਸ਼ਾਂ ਪੂਰੀ ਤਰ੍ਹਾਂ ਵੱਧ ਫੁੱਲ ਸਕਣ।4. ਗੁਰਬਾਣੀ, ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਅਤੇ ਸਿੱਖ ਰਹਿਣੀ ਬਹਿਣੀ ਬਾਰੇ ਵਿਚਾਰ ਵਟਾਂਦਰੇ ਅਤੇ ਖੋਜ ਬੈਠਕਾਂ ਦਾ ਇੰਤਜ਼ਾਮ ਕਰਨਾ।ਸਿੱਖਾਂ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸਮਾਜਿਕ, ਭਾਈਚਾਰਕ ਅਤੇ ਆਰਥਿਕ ਉਨੱਤੀ ਲਈ ਸਿੱਖ ਵਿਦਿਆਰਥੀਆਂ ਵਿੱਚ ਪ੍ਰਚਾਰ ਦਾ ਸ਼ੌਕ ਪੈਦਾ ਕਰਨਾ ਅਤੇ ਸਿੱਖਾਂ ਵਿੱਚ ਪੰਜਾਬੀ ਪੜਨ, ਲਿਖਣ ਦਾ ਪ੍ਰਚਾਰ ਕਰਨਾ ਅਤੇ ਇੱਕ ਵੱਖਰੀ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਲਈ ਯਤਨਸ਼ੀਲ ਰਹਿਣਾ ।

13 ਸਤੰਬਰ 1944 ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਾਂ ਹੇਠ ਪਹਿਲੀ ਬੈਠਕ ਹੋਈ ਇਸ ਵਿੱਚ ਸਰਦਾਰ ਸਰੂਪ ਸਿੰਘ ਨੂੰ ਸਰਬਸੰਮਤੀ ਨਾਲ ਜੱਥੇਦਾਰ ( ਪ੍ਰੈਜੀਡੈਂਟ, ਪ੍ਰਧਾਨ, , ਮੁੱਖ ਸੇਵਾਦਾਰ ) ਚੁਣਿਆ ਗਿਆ। ਸ. ਜਵਾਹਰ ਸਿੰਘ ਉਪ ਪ੍ਰਧਾਨ ਅਤੇ ਸ. ਸਰਦੂਲ ਸਿੰਘ ਜਨਰਲ ਸਕੱਤਰ ਬਣੇ।ਫੈਡਰੇਸ਼ਨ ਦਾ ਮੁੱਖ ਦਫ਼ਤਰ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਦੀ ਇਮਾਰਤ ਦੇ ਇੱਕ ਕਮਰੇ ਵਿੱਚ ਕਾਇਮ ਕੀਤਾ ਗਿਆ ਅਤੇ ਜਥੇਬੰਦੀ ਬਕਾਇਦਾ ਤੌਰ ਤੇ ਆਪਣਾ ਕੰਮ ਕਰਨ ਲੱਗੀ। ਫੈਡਰੇਸ਼ਨ ਨੂੰ ਵੱਡੀ ਸਫਲਤਾ ਉਸ ਸਮੇਂ ਮਿਲੀ ਜਦੋਂ ਸਥਾਪਨਾ ਤੋਂ ਕੁਝ ਸਮੇਂ ਵਿੱਚ ਹੀ ਫੈਡਰੇਸ਼ਨ ਦੀਆਂ ਅਮ੍ਰਿਤਸਰ, ਗੁਜਰਾਂਵਾਲਾ , ਲਾਹੌਰ, ਮਿੰਟਗੁਮਰੀ, ਫਰੀਦਕੋਟ ਅਤੇ ਲਾਇਲਪੁਰ ਵਿੱਚ ਸ਼ਾਖਾਵਾਂ ਬਹੁਤ ਹੀ ਸਰਗਰਮੀ ਨਾਲ ਕੰਮ ਕਰਨ ਲੱਗੀਆਂ। ਫੈਡਰੇਸ਼ਨ ਵੱਲੋਂ ਆਪਣੀ ਸਥਾਪਨਾ ਤੋਂ ਬਾਅਦ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਜਿਸ ਦੇ ਤਹਿਤ ਪਹਿਲੀ ਵਾਰ ਜੂਨ 1945 ਵਿੱਚ ਐਫ਼, ਸੀ. ਕਾਲਜ ਲਾਹੌਰ ਦੇ ਖੁੱਲੇ ਮੈਦਾਨ ਵਿੱਚ ਪਹਿਲੀ ਵਾਰ ਅਮ੍ਰਿਤ ਸੰਚਾਰ ਕੈਂਪ ਲਗਾਇਆ ਗਿਆ ਇਸ ਅੰਮ੍ਰਿਤ ਸੰਚਾਰ ਕੈਂਪ ਵਿੱਚ ਪੰਜ ਪਿਆਰੇ ਜੱਥੇਦਾਰ ਮੋਹਣ ਸਿੰਘ ਤੁੜ (ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ), ਮਾਸਟਰ ਤਾਰਾ ਸਿੰਘ ਜੀ (ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ), ਪ੍ਰਿੰਸੀਪਲ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਬਾਵਾ ਹਰਿਕ੍ਰਿਸ਼ਨ ਸਿੰਘ ਸਨ। ਇਸ ਮੌਕੇ ਤੇ 51 ਵਿਦਿਆਰਥੀਆਂ ਨੇ ਖੰਡੇ ਦੀ ਪਹੁਲ ਲਈ ਅਤੇ ਅੱਗੇ ਵਾਸਤੇ ਫੈਡਰੇਸ਼ਨ ਦੇ ਉਦੇਸ਼ਾਂ ਅਤੇ ਪ੍ਰੋਗਰਾਮਾਂ ਨੂੰ ਵਿਉਂਤਬੰਦ ਤਰੀਕੇ ਨਾਲ ਪੂਰੇ ਕਰਨ ਦਾ ਫੈਸਲਾ ਲਿਆ ਗਿਆ ਫ਼ੈਡਰੇਸ਼ਨ ਦਾ ਦੂਜਾ ਇਜਲਾਸ 9 ਮਾਰਚ 1946 ਨੂੰ ਗੋਲ ਬਾਗ. ਲਾਹੌਰ ਵਿੱਚ ਉਸਾਰੇ ਗਏ ਦੀਵਾਨ ਹਾਲ ਵਿੱਚ ਹੋਇਆ, ਇਸ ਇਜਲਾਸ ਵਿੱਚ ਸਿੱਖ ਕੌਮ ਅਤੇ ਅਜੋਕੇ ਪੰਜਾਬ ਦਾ ਅੱਜ ਦਾ ਮੁੱਖ ਮੁੱਦਾ ਅਜ਼ਾਦ ਸਿੱਖ ਰਾਜ ਦਾ ਨਾਅਰਾ ਸਭ ਤੋਂ ਪਹਿਲਾਂ ਮਾਰਨ ਦਾ ਮਾਣ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਪ੍ਰਾਪਤ ਕੀਤਾ। ਇਸ ਮੌਕੇ ਉੱਤੇ ਹੀ ਸ. ਅਮਰ ਸਿੰਘ ਅੰਬਾਲਵੀ ਨੇ ਖੁਦ ਮੁਖਤਿਆਰ ਸਿੱਖ ਸਟੇਟ ਦਾ ਮਤਾ ਪੇਸ਼ ਕੀਤਾ ਜਿਸ ਦੀ ਤਰਜ਼ ਤੇ ਅੱਜ ਹਿੰਦੋਸਤਾਨ ਦੇ ਬਹੁਤ ਸਾਰੇ ਰਾਜ (ਸਟੇਟ) ਖੁਦ ਮੁਖਤਿਆਰੀ ਦੀ ਮੰਗ ਕਰ ਰਹੇ ਹਨ, ਪ੍ਰੰਤੂ ਇਸ ਮੰਗ ਨੂੰ ਚੁੱਕਣ ਦਾ ਮਾਣ ਵੀ ਸਿੱਖ ਕੌਮ ਦੀ ਨੌਜਵਾਨ ਜੱਥੇਬੰਦੀ ਨੂੰ ਹੀ ਜਾਂਦਾ ਹੈ।ਖੁਦ ਮੁਖਤਿਆਰੀ ਦੇ ਮਤੇ ਦੀ ਤਾਈਦ ਸ.ਸਵਰਨ ਸਿੰਘ ਨੇ ਕੀਤੀ ਜੋ ਕਿ ਬਾਅਦ ਵਿੱਚ ਕੇਂਦਰ ਸਰਕਾਰ ਵਿੱਚ ਗ੍ਰਹਿ ਮੰਤਰੀ ਬਣੇ।ਫੈਡਰੇਸ਼ਨ ਨੇ ਇਹ ਮਤਾ ਭਾਰੀ ਜੋਸ਼ੋ-ਖਰੋਸ਼ ਅਤੇ ਸਰਬਸੰਮਤੀ ਨਾਲ ਪਾਸ ਕੀਤਾ ਸੀ। ਬਾਅਦ ਵਿੱਚ ਇਸ ਮਤੇ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਇੱਕ ਰਾਇ ਨਾਲ ਪਾਸ ਕਰ ਦਿੱਤਾ ।ਦੇਸ਼ ਦੀ ਅਜ਼ਾਦੀ ਤੋਂ ਬਾਅਦ ਫੈਡਰੇਸ਼ਨ ਨੇ ਸਿੱਖ ਵਿਦਿਅਰਥੀਆਂ ਨੂੰ ਜੱਥੇਬੰਦ ਕਰਨ ਅਤੇ ਉਹਨਾਂ ਨੂੰ ਆਪਣੇ ਗੌਰਵਮਈ ਵਿਰਸੇ ਦੀ ਸੋਝੀ ਕਰਵਾਉਣ ਲਈ ਕੈਂਪਾ, ਸਟੱਡੀ ਸਰਕਲਾਂ, ਕਾਨਫਰੰਸਾਂ ਦਾ ਸਿਲਸਿਲਾ ਸ਼ੁਰੂ ਕੀਤਾ ਅਤੇ ਨੋਜਵਾਨ ਵਰਗ ਵਿੱਚ ਚੇਤਨਾ ਪੈਦਾ ਕਰਨ ਲਈ ਹਰ ਸੰਭਵ ਯਤਨ ਕੀਤਾ ਅਤੇ ਨੌਜਵਾਨਾਂ ਵਿੱਚ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਚੇਤਨਾ ਪੈਦਾ ਕੀਤੀ ।ਫੈਡਰੇਸ਼ਨ ਨੇ ਜਿੱਥੇ ਨੌਜਵਾਨ ਵਰਗ ਨੂੰ ਹਰ ਖੇਤਰ ਵਿੱਚ ਚੇਤਨ ਕਰਨ ਦਾ ਹਰ ਸੰਭਵ ਯਤਨ ਕੀਤਾ ਉੱਥੇ ਹੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸਮਾਜਿਕ ਅਤੇ ਆਰਥਿਕ ਮਾਹਿਰ ਵੀ ਪੈਦਾ ਕੀਤੇ। ਅਤੇ ਬਹੁਤ ਹੀ ਵਧੀਆ ਰਾਜਨੀਤਿਕ ਨੇਤਾ ਵੀ ਪੈਦਾ ਕੀਤੇ। ਚਾਹੇ ਉਹ ਅੱਜ ਕਿਸੇ ਵੀ ਜੱਥੇਬੰਦੀ ਜਾਂ ਸਿਆਸੀ ਪਾਰਟੀ ਦੇ ਨਾਲ ਸੰਬੰਧਤ ਹੋਣ ਪਰ ਉਹਨਾਂ ਦਾ ਰਾਜਨੀਤਿਕ ਜੀਵਨ ਫੈਡਰੇਸ਼ਨ ਤੋਂ ਹੀ ਸ਼ੁਰੂ ਹੋਇਆ। ਇਹਨਾਂ ਵਿੱਚ ਹੋਰ ਬਹੁਤ ਸਾਰੇ ਸਿਵਲ ਤੇ ਪੁਲਿਸ ਅਧਿਕਾਰੀ, ਡਾਕਟਰ, ਇੰਜੀਨੀਅਰ, ਜਰਨਲਿਸਟ, ਅਤੇ ਵਿਗਿਆਨੀ ਵੀ ਆਪਣੇ ਵਿਦਿਆਰਥੀ ਜੀਵਨ ਵਿੱਚ ਫੈਡਰੇਸ਼ਨ ਦੇ ਸਰਗਰਮ ਵਰਕਰ ਰਹੇ ਹਨ। ਵਿਦਿਅਕ ਖੇਤਰ ਵਿੱਚ ਵੀ ਫੈਡਰੇਸ਼ਨ ਦੇਪੁਰਾਣੇ ਆਗੂ ਸੇਵਾ ਨਿਭਾ ਰਹੇ ਹਨ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਫੈਡਰੇਸ਼ਨ ਉੱਤੇ ਕੱਟੜਵਾਦ ਦਾ ਇਲਜ਼ਾਮ ਵੀ ਲੱਗਾ ਪਰੰਤੂ ਇਸ ਦੇ ਮੂੰਹ ਤੋੜਵੇਂ ਜਵਾਬ ਵੱਜੋਂ ਫੈਡਰੇਸ਼ਨ ਕੋਲ ਇੱਕੋ ਹੀ ਜਵਾਬ ਸੀ ਕਿ ਇੱਕ ਸਮੇਂ ਇੱਕ ਹਿੰਦੂ ਵੀਰ ਭਾਈ ਹਰਬੰਸ ਲਾਲ ਨੂੰ ਫੈਡਰੇਸ਼ਨ ਦਾ ਕੌਮੀ ਪ੍ਰਧਾਨ ਬਣਾਈਆਂ ਗਿਆ ਸੀ। ਜੋ ਕਿ ਕਾਫੀ ਸਮਾਂ ਬਹੁਤ ਹੀ ਸਰਗਰਮੀ ਨਾਲ ਫੈਡਰੇਸ਼ਨ ਦੀ ਸੇਵਾ ਕਰਦੇ ਰਹੇ ।ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਆਪਣੀ ਹੋਂਦ ਤੋਂ ਅੱਜ ਤੱਕ ਬਹੁਤ ਹੀ ਉਤਰਾਅ ਚੜਾਅ ਦੇਖੇ। ਫੈਡਰੇਸ਼ਨ ਨੇ ਜਿੱਥੇ ਸਿੱਖ ਸਿਆਸਤ ਵਿੱਚ ਅਕਾਲੀ ਰਾਜਨੀਤੀ ਨੂੰ ਪੰਥਕ ਸੇਧ ਦੇਣ ਦਾ ਯੋਗਦਾਨ ਪਾਇਆ ਉੱਥੇ ਵੱਖਰੇ-ਵੱਖਰੇ ਸਮੇਂ ਵਿੱਚ ਸਿੱਖ ਕੌਮ ਨੂੰ ਵੀ ਅਗਵਾਈ ਦਿੰਦੀ ਰਹੀ। ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਫੈਡਰੇਸ਼ਨ ਪ੍ਰਧਾਨ ਭਾਈ ਅਮਰੀਕ ਸਿੰਘ ਨੇ 1982 ਵਿੱਚ ਫੈਡਰੇਸ਼ਨ ਨੂੰ ਪੂਰੇ ਪੰਜਾਬ ਵਿੱਚ ਪਿੰਡ ਪੱਧਰ ਤੇ ਸਰਗਰਮ ਕਰ ਦਿੱਤਾ ਅਤੇ ਹਰ ਪਾਸੇ ਫੈਡਰੇਸ਼ਨ ਦਾ ਬੋਲਬਾਲਾ ਹੋ ਗਿਆ। ਪੰਜਾਬ ਦੇ ਅਣਖੀ ਨੌਜਵਾਨਾਂ ਦੇ ਜੱਥੇਬੰਦ ਹੋਣ ਤੇ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਬੌਖਲਾਹਟ ਵਿੱਚ ਆ ਕੇ 19 ਮਾਰਚ 1984 ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਉੱਤੇ ਪਾਬੰਦੀ ਲਗਾ ਦਿੱਤੀ ਗਈ। ਇਸ ਦੌਰਾਨ ਫੈਡਰੇਸ਼ਨ ਦੇ ਸੈਂਕੜੇ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਹੋਈਆਂ।1982 ਤੋਂ ਮਾਰਚ 1984 ਦੇ ਦੌਰਾਨ ਫੈਡਰੇਸ਼ਨ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਦੀ ਅਗਵਾਈ ਹੇਠ ਤਕਰੀਬਨ ਹਰ ਪਿੰਡ ਵਿੱਚ ਅੰਮ੍ਰਿਤ -ਸੰਚਾਰ ਕਰਾਇਆ ਗਿਆ ਅਤੇ ਫੈਡਰੇਸ਼ਨ ਨੇ ਆਪਣਾ ਇੱਕ ਮੰਤਵ ਪੂਰਾ ਕਰ ਲਿਆ ।ਜੂਨ 1984 ਵਿੱਚ ਕੇਂਦਰ ਸਰਕਾਰ ਨੇ ਅਤਿ ਸ਼ਰਮਨਾਕ, ਘਿਣੌਉਣੀ ਅਤੇ ਸਿੱਖ ਵਿਰੋਧੀ ਕਦਮ ਚੁੱਕਦਿਆਂ 6 ਜੂਨ 1984 ਨੂੰ ਸਿੱਖਾਂ ਦੀ ਸੁਪਰੀਮ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਟੈਂਕਾਂ, ਤੋਪਾਂ ਨਾਲ ਭਾਰਤੀ ਫੌਜ ਤੇ ਹਮਲਾ ਕਰ ਦਿਤਾ। ਇਸ ਦੋਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਦੀ ਅਗਵਾਈ ਹੇਠ ਅਨੇਕਾਂ ਫੈਡਰੇਸ਼ਨ ਵਰਕਰਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸਮੂਚੀ ਅਗਵਾਈ ਹੇਠ ਭਾਰਤੀ ਫੌਜ ਦੇ ਹਮਲੇ ਦਾ ਮੂੰਹ-ਤੋੜਵਾਂ ਜਵਾਬ ਦਿੱਤਾ। ਭਾਈ ਅਮਰੀਕ ਸਿੰਘ ਅਤੇ ਹੋਰ ਜੁਝਾਰੂ ਜੋਧਿਆਂ ਨੇ ਭਾਰਤੀ ਫੌਜ ਦੇ ਟੈਂਕਾਂ ਅਤੇ ਤੋਪਾਂ ਦਾ ਆਪਣੇ ਛੋਟੇ ਹਥਿਆਰਾਂ ਨਾਲ ਹੀ ਕਈ ਦਿਨ ਡਟ ਕੇ ਮੁਕਾਬਲਾ ਕੀਤਾ ਅਤੇ ਭਾਰਤੀ ਫੋਜ ਨੂੰ ਵਖਤ ਪਾਈ ਰਖਿਆ। ਜਿਵੇਂ ਕਿ ਸੁਣਨ ਵਿੱਚ ਆਉਂਦਾ ਹੈ ਭਾਰਤੀ ਫੋਜ ਦੇ ਕਿਸੇ ਇੱਕ ਜਰਨੈਲ ਨੇ ਜੋ ਕਿ ਇਸ ਲੜਾਈ ਵਿੱਚ ਸ਼ਾਮਿਲ ਸੀ ਨੇ ਆਪਣੇ ਮੂੰਹੋਂ ਆਖਿਆ ਸੀ ਕਿ ਅੰਦਰੋ ਲੜਨ ਵਾਲੇ ਸਿੰਘਾਂ ਦਾ ਇੱਕ ਜੱਥਾ ਹੀ ਮੈਨੂੰ ਦੇ ਦਿੱਤਾ ਜਾਵੇ ਤਾਂ ਮੈਂ ਸ਼ਾਮ ਤੱਕ ਲਾਹੌਰ ਉੱਤੇ ਕਬਜ਼ਾ ਕਰ ਲਵਾਂਗਾ, ਆਖਿਰ ਫੈਡਰੇਸ਼ਨ ਪ੍ਰਧਾਨ ਭਾਈ ਅਮਰੀਕ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੀ ਪਵਿੱਤਰਤਾ ਲਈ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਜਿਨ੍ਹਾਂ ਦੀ ਸ਼ਹੀਦੀ ਉੱਤੇ ਫੈਡਰੇਸ਼ਨ ਨੂੰ ਅੱਜ ਤੱਕ ਮਾਣ ਹੈ। ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਸਰਕਾਰ ਨੇ ਸਿੱਖ ਨੌਜਵਾਨਾਂ ਉੱਤੇ ਹਰਪ੍ਰਕਾਰ ਦੀ ਸਖਤੀ ਤੇ ਜ਼ੁਲਮ ਕਰਕੇ ਦੇਖ ਲਿਆ ਭਾਵੇਂ। 11 ਅਪ੍ਰੈਲ 1985 ਨੂੰ ਫੈਡਰੇਸ਼ਨ ਤੋਂ ਪਾਬੰਦੀ ਚੁੱਕ ਲਈ ਗਈ ਪੰਤੂ ਹਿੰਦੋਸਤਾਨ ਦੀਆਂ ਜੇਲਾਂ ਜਿਨ੍ਹਾਂ ਵਿੱਚ ਜੋਧਪੁਰ, ਜੈਪੁਰ, ਅਜਮੇਰ, ਤਿਹਾੜ, ਨਾਭਾ, ਪਟਿਆਲਾਂ ਦੀਆਂ ਜੇਲਾਂ ਫੈਡਰੇਸ਼ਨ ਲੀਡਰਾਂ ਅਤੇ ਵਰਕਰਾਂ ਨਾਲ ਭਰੀਆਂ ਰਹੀਆਂ।ਅਨੇਕਾਂ ਹੀ ਫੈਡਰੇਸ਼ਨ ਵਰਕਰਾਂ ਨੂੰ ਕਾਲ ਕੋਠਰੀਆਂ ਵਿੱਚ 5 ਸਾਲ ਤੋਂ ਵੀ ਵੱਧ ਬੰਦ ਰਖਿਆ ਗਿਆ। ਸਿੱਖ ਜਵਾਨੀ ਨੂੰ ਜੇਲਾਂ ਵਿੱਚ ਅਨੇਕਾਂ ਤਰ੍ਹਾਂ ਦੇ ਮਾਨਸਿਕ ਤਸੀਹੇ ਦਿੱਤੇ । ਅੱਜ ਵੀ ਦੇਸ਼ ਦੀਆਂ ਅਨੇਕਾਂ ਹੀ ਜੇਲਾਂ ਵਿੱਚ ਸਿੱਖ ਨੌਜ਼ਵਾਨ ਆਪਣੀ ਜਵਾਨੀ ਗਾਲ ਰਹੇ ਹਨ। ਇਹਨਾਂ ਨੌਜਵਾਨਾਂ ਕੋਲ ਜੋ ਕੁਝ ਹੈ ਤਾਂ ਉਹ ਹੈ ਸਿਰਫ ਗੁਰਬਾਣੀ ਦਾ ਪਵਿੱਤਰ ਓਟ ਆਸਰਾ। ਜਿਸ ਰਾਹੀਂ ਉਹ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਰਹੇ ਹਨ ।ਪਿਛਲੇ ਸਮੇਂ ਦੀਆਂ ਪੰਥਕ ਸਰਕਾਰਾਂ ਚਾਹੇ ਉਹ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਲੀ ਸਰਕਾਰ ਹੋਵੇ ਜਾਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਸਰਕਾਰ ਹੋਵੇ ਕਿਸੇ ਨੇ ਵੀ ਇਹਨਾਂ ਨੌਜਵਾਨਾਂ ਨੂੰ ਜੇਲ੍ਹਾਂ ਵਿੱਚੋਂ ਰਿਹਾ ਕਰਵਾਉਣ ਦਾ ਉਪਰਾਲਾ ਨਹੀਂ ਕੀਤਾ। ਕੁਝ ਆਗੂ ਵਿਦੇਸ਼ਾਂ ਵਿੱਚ ਬੈਠੇ ਪੰਥਕ ਸੋਚ ਰੱਖਣ ਵਾਲੇ ਵਿਅਕਤੀਆਂ ਨੂੰ ਇਹ ਕਹਿ ਕੇ ਗੁੰਮਰਾਹ ਕਰਦੇ ਰਹੇ ਕਿ ਅਸੀਂ ਨੌਜਵਾਨਾਂ ਦੀ ਰਿਹਾਈ ਲਈ ਸੰਘਰਸ਼ ਕਰਾਂਗੇ ਪਰੰਤੂ ਇਹਨਾਂ ਲੋਕਾਂ ਨੇ ਸਿਵਾਏ ਸਿਆਸੀ ਸ਼ੋਸ਼ੇਬਾਜ਼ੀ ਤੋਂ ਕੋਈ ਠੋਸ ਕਦਮ ਨਹੀਂ ਚੁੱਕਿਆ। ਇੱਥੇ ਇਹ ਵੀ ਬਹੁਤ ਮੰਦਭਾਗੀ ਗੱਲ ਹੈ ਕਿ ਇਹਨਾਂ ਨੌਜਵਾਨਾਂ ਨਾਲ ਖੁੱਦ ਜੇਲਾਂ ਵਿੱਚ ਨਜ਼ਰਬੰਦ ਰਹਿ ਕੇ ਆਏ ਫੈਡਰੇਸ਼ਨ ਆਗੂ ਵੀ ਇਨ੍ਹਾਂ ਬੰਦੀ ਸਿੰਘਾ ਨੂੰ ਭੁੱਲ ਗਏ। ਭਾਈ ਅਮਰੀਕ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਫੈਡਰੇਸ਼ਨ ਦੇ ਇਤਿਹਾਸ ਦਾ ਬਿਖੜਾ ਅਧਿਆਇ ਸ਼ੁਰੂ ਹੋ ਗਿਆ। ਜੇਕਰ ਫੈਡਰੇਸ਼ਨ ਵਰਕਰਾਂ ਨੇ ਮਿਹਨਤ ਅਤੇ ਲਗਨ ਨਾਲ ਕੌਮ ਦੀ ਚੜਦੀਕਲਾ ਲਈ ਸੇਵਾ ਕੀਤੀ ਤਾਂ ਸਿੱਖ ਸੰਗਤਾਂ ਨੇ ਵੀ ਫੈਡਰੇਸ਼ਨ ਨੂੰ ਹਰ ਖੇਤਰ ਵਿੱਚ ਪੂਰਨ ਸਹਿਯੋਗ ਦਿੱਤਾ। ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਤਕਰੀਬਨ ਸਾਰੇ ਪੁਰਾਣੇ ਫੈਡਰੇਸ਼ਨ ਆਗੂ ਜੇਲਾਂ ਵਿੱਚ ਬੰਦ ਕਰ ਦਿੱਤੇ ਗਏ ਅਤੇ ਬਹੁਤ ਸਾਰੇ ਆਗੂ ਸ਼ਹੀਦ ਹੋ ਗਏ। ਭਾਈ ਅਮਰੀਕ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਦੇ ਛੋਟੇ ਭਰਾ ਭਾਈ ਮਨਜੀਤ ਸਿੰਘ ਨੂੰ ਫੈਡਰੇਸ਼ਨ ਦਾ ਪ੍ਰਧਾਨ ਬਣਾ ਦਿੱਤਾ ਗਿਆ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਭਰਾ ਦੇ ਜਵਾਈ ਸ. ਗੁਰਜੀਤ ਸਿੰਘ ਝੋਕ ਹਰੀਅਰ ਨੂੰ ਕਨਵੀਨਰ ਬਣਾ ਦਿੱਤਾ ਗਿਆ। ਇਸ ਸਮੇਂ ਦੌਰਾਨ ਪੰਜਾਬ ਵਿੱਚ ਇੱਕ ਬਹੁਤ ਹੀ ਭਿਅੰਕਰ ਖੂਨੀ ਤੂਫਾਨ ਉਠਿਆ ।ਪੰਜਾਬ ਦੇ ਨੌਜਵਾਨ ਪਹਿਲਾ ਬਲਿਊ ਸਟਾਰ ਅਪਰੇਸ਼ਨ ਤੋਂ ਭੜਕੇ ਹੋਏ ਸਨ ।ਇਸ ਉਪਰੰਤ ਦੋ ਸਿੱਖ ਨੌਜਵਾਨਾਂ ਸ. ਬੇਅੰਤ ਸਿੰਘ ਅਤੇ ਸ. ਸਤਵੰਤ ਸਿੰਘ ਨੇ ਬਲਿਊ ਸਟਾਰ ਆਪ੍ਰੇਸ਼ਨ ਦੀ ਜਿੰਮੇਵਾਰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ, ਜਿਸ ਉਪਰੰਤ ਕਾਂਗਰਸੀ ਆਗੂਆਂ ਦੇ ਇਸ਼ਾਰੇ ਅਤੇ ਮਦਦ ਨਾਲ ਪੂਰੇ ਭਾਰਤ ਵਿੱਚ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਦਿੱਲੀ, ਕਾਨਪੁਰ, ਕਲਕੱਤਾ ਅਤੇ ਹੋਰ ਅਨੇਕਾਂ ਸ਼ਹਿਰਾਂ ਵਿੱਚ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਜਿਉਂਦੇ ਸਾੜਿਆ ਗਿਆ ਅਤੇ ਧੀਆਂ ਭੈਣਾਂ ਦੀ ਬੇਪੱਤੀ ਕੀਤੀ ਗਈ। ਇਹਨਾਂ ਹਲਾਤਾਂ ਤੋਂ ਬਾਅਦ ਪੰਜਾਬ ਅੰਦਰ ਅੱਗ ਦੇ ਭਾਂਬੜ ਮੱਚਣ ਲੱਗੇ। ਨੌਜਵਾਨ ਬਾਗੀ ਹੋ ਕੇ ਹਥਿਆਰਬੰਦ ਸੰਘਰਸ਼ ਦੇ ਰਾਹ ਪੈ ਗਏ। ਨੌਜਵਾਨਾਂ ਦੀ ਜੱਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਇੱਕ ਧੜਾ ਭਾਈ ਦਲਜੀਤ ਸਿੰਘ ਬਿੱਟੂ ਦੀ ਅਗਵਾਈ ਹੇਠ ਇਸ ਹਥਿਆਰਬੰਦ ਸੰਘਰਸ਼ ਵਿੱਚ ਸ਼ਾਮਲ ਹੋ ਗਿਆ। ਪੁਲਿਸ ਫੈਡਰੇਸ਼ਨ ਵਰਕਰਾਂ ਨੂੰ ਲੱਭ-ਲੱਭ ਕੇ ਤਸੱਦਦ ਕਰਕੇ ਸ਼ਹੀਦ ਕਰਨ ਲੱਗੀ ।ਪਰੰਤੂ ਇਹ ਸੰਘਰਸ਼ ਫਿਰ ਵੀ ਜਾਰੀ ਰਿਹਾ। ਇੱਕ ਵਾਰ ਫਿਰ ਪੰਜਾਬ ਅੰਦਰ ਅਜਿਹਾ ਮਹੌਲ ਪੈਦਾ ਹੋ ਗਿਆ ਕਿ ਲੋਕ ਕੇਵਲ ਫੈਡਰੇਸ਼ਨ ਤੇ ਹੀ ਭਰੋਸਾ ਕਰਨ ਲੱਗੇ। ਇਸ ਸਮੇਂ ਪੰਜਾਬ ਵਿੱਚ ਆਮ ਚੋਣਾਂ ਦਾ ਐਲਾਨ ਹੋ ਗਿਆ। ਪੰਜਾਬ ਦੀਆਂ ਕੁਝ ਖਾੜਕੂ ਜੱਥੇਬੰਦੀਆਂ ਨੇ ਆਮ ਚੋਣਾ ਦੇ ਬਾਈਕਾਟ ਦਾ ਐਲਾਨ ਕੀਤਾ ਪ੍ਰੰਤੂ ਫੈਡਰੇਸ਼ਨ ਨੇ ਲੋਕਤੰਤਰ ਦੀ ਲੜਾਈ ਲੜਨ ਦਾ ਫੈਸਲਾ ਕੀਤਾ ਅਤੇ ਚੋਣਾਂ ਵਿੱਚ ਭਾਗ ਲਿਆ। ਉਸ ਸਮੇਂ ਅਕਾਲੀ ਦਲ ਦੀ ਬਜਾਏ ਫੈਡਰੇਸ਼ਨ ਨੇ ਆਪਣੇ ਜ਼ਿਆਦਾ ਉਮੀਦਵਾਰ ਮੈਦਾਨ ਵਿੱਚ ਉਤਾਰੇ ਅਤੇ ਅਕਾਲੀ ਉਮੀਦਵਾਰ ਵੀ ਫੈਡਰੇਸ਼ਨ ਦੀ ਮਦਦ ਲੈਣ ਲਈ ਹਰ ਪ੍ਰਕਾਰ ਦੇ ਯਤਨ ਕਰਨ ਲੱਗੇ ।ਪ੍ਰੰਤੂ ਕੇਂਦਰ ਦੀ ਕਾਂਗਰਸ ਸਰਕਾਰ ਨੇ ਵੋਟਾਂ ਤੋਂ ਪਹਿਲੀ ਰਾਤ ਪੰਜਾਬ ਦੀਆਂ ਚੋਣਾਂ ਰੱਦ ਕਰ ਦਿੱਤੀਆਂ ਕਿਉਂਕਿ ਕਾਂਗਰਸ ਦੇ ਮਨ ਵਿੱਚ ਇਹ ਸੀ ਕਿ ਜੇਕਰ ਪੰਜਾਬ ਵਿੱਚ ਫੈਡਰੇਸ਼ਨ ਦੀ ਮਦਦ ਵਾਲੀ ਜਾਂ ਫੈਡਰੇਸ਼ਨ ਦੀ ਸਰਕਾਰ ਬਣ ਗਈ ਤਾਂ ਉਹਨਾਂ ਲਈ ਬਹੁਤ ਵੱਡੀ ਮੁਸ਼ਿਕਲ ਖੜੀ ਹੋ ਜਾਵੇਗੀ ।ਕੇਂਦਰ ਦੀ ਏਜੰਸੀਆਂ ਤੇ ਸਾਡੇ ਹੀ ਅਕਾਲੀ ਆਗੂ ਫੈਡਰੇਸ਼ਨ ਦੀ ਸ਼ਕਤੀ ਨੂੰ ਤਾਰਪੀਡੋ ਕਰਨ ਲਈ ਸਰਗਰਮ ਹੋ ਗਏ। ਕੇਂਦਰ ਦੀਆਂ ਏਜੰਸੀਆਂ ਫੈਡਰੇਸ਼ਨ ਵਿੱਚ ਘੁਸਪੈਠ ਕਰ ਗਈਆਂ। ਭਾਈ ਮਨਜੀਤ ਸਿੰਘ ਦੇ ਸਮੇਂ ਹੀ ਉਹਨਾਂ ਨੂੰ ਪ੍ਰਧਾਨ ਮੰਨਣ ਵਾਲੇ ਫੈਡਰੇਸ਼ਨ ਆਗੂ ਵੀ ਆਪਣੇ-ਆਪਣੇ ਧੜੇ ਬਣਾਉਣ ਲੱਗੇ । ਜਿਨਾਂ ਵਿੱਚ ਹਰਿੰਦਰ ਸਿੰਘ ਕਾਹਲੋਂ, ਦਲਜੀਤ ਸਿੰਘ ਬਿੱਟੂ, ਗੁਰਨਾਮ ਸਿੰਘ ਬੁੱਟਰ, ਗੁਰਨਾਮ ਸਿੰਘ ਬੰਡਾਲਾਂ ਆਦਿ ਸ਼ਾਮਿਲ ਹਨ ।ਫੈਡਰੇਸ਼ਨ ਪ੍ਰਧਾਨ ਭਾਈ ਮਨਜੀਤ ਸਿੰਘ ਅਤੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਦਰਮਿਆਨ ਦੂਰੀਆਂ ਵੱਧਣ ਲੱਗੀਆਂ। ਅਖ਼ੀਰ ਸ. ਹਰਮਿੰਦਰ ਸਿੰਘ ਸੰਧੂ ਦੇ ਕਤਲ ਤੋਂ ਬਾਅਦ ਫੈਡਰੇਸ਼ਨ ਰਸਮੀ ਤੌਰ ਤੇ ਦੋ-ਫਾੜ ਹੋ ਗਈ। ਇੱਕ ਧੜਾ ਫੈਡਰੇਸ਼ਨ ਮਹਿਤਾ ਦੇ ਨਾਂ ਰਜਿੰਦਰ ਸਿੰਘ ਮਹਿਤਾ ਦੀ ਅਗਵਾਈ ਵਿੱਚ ਕੰਮ ਕਰਨ ਲੱਗਾ। ਇਹ ਫੈਡਰੇਸ਼ਨ ਦਾ ਸਭ ਤੋਂ ਵੱਡਾ ਸਿਆਸੀ ਦੁਖਾਂਤ ਸੀ।



ਭਾਈ ਮਨਜੀਤ ਸਿੰਘ ਨੇ ਵੀ ਗਰੁੱਪ ਬੰਦੀ ਤੋ ਮਾਯੂਸ ਹੋਕੇ ਫੈਡਰੇਸ਼ਨ ਨੂੰ ਛੱਡ ਕੇ ਅਕਾਲੀ ਦਲ (ਮਨਜੀਤ) ਬਣਾ ਲਿਆ। ਜਿਸ ਤੋਂ ਬਾਅਦ ਫੈਡਰੇਸ਼ਨ ਅਨੇਕਾਂ ਹੀ ਧੜਿਆਂ ਵਿੱਚ ਵੰਡੀ ਗਈ। ਜਸਬੀਰ ਸਿੰਘ ਘੁੰਮਣ ਨੇ ਆਪਣਾ ਧੜਾ ਬਣਾ ਲਿਆ, ਰਜਿੰਦਰ ਸਿੰਘ ਮਹਿਤਾ ਨੇ ਆਪਣਾ ਧੜਾ ਬਣਾ ਲਿਆ। ਹਰਮਿੰਦਰ ਸਿੰਘ ਗਿੱਲ ਨੇ ਆਪਣਾ, ਭੁਪਿੰਦਰ ਸਿੰਘ ਖਾਲਸਾ ਨੇ ਆਪਣਾ ਅਤੇ ਇੱਕ ਫੈਡਰੇਸ਼ਨ ਪ੍ਰੀਜੀਡੀਅਮ ਦੇ ਨਾਂ ਹੇਠ ਕੰਮ ਕਰਨ ਲੱਗੀ ਜੋ ਪੰਜ ਮੈਂਬਰੀ ਕਮੇਟੀ ਅਧੀਨ ਕੰਮ ਕਰਦੀ ਸੀ। ਇਸ ਕਮੇਟੀ ਵਿੱਚ ਜਸਵੰਤ ਸਿੰਘ ਸਰਹਿੰਦ, ਪ੍ਰਿਥੀ ਸਿੰਘ ਕਟਾਰ ਸਿੰਘ ਵਾਲਾ, ਜਗਵਿੰਦਰ ਸਿੰਘ ਕਿਲਾ ਰਾਏਪੁਰ, ਬਲਦੇਵ ਸਿੰਘ ਹੋਠੀਆਂ, ਅਮਰਜੀਤ ਸਿੰਘ ਪੱਧਰੀ ਸਾਮਲ ਸਨ ।ਸਾਰੀਆਂ ਫੈਡਰੇਸ਼ਨਾਂ ਆਪਣੇ-ਆਪਣੇ ਧੜੇ ਬਣਾ ਕੇ ਕੰਮ ਕਰਦੀਆਂ ਰਹੀਆਂ। ਪ੍ਰੰਤੂ ਜੋ ਫੈਡਰੇਸ਼ਨ ਅਜਾਦੀ ਤੋਂ ਪਹਿਲਾਂ ਬਣੀ ਸੀ ਜਾਂ ਭਾਈ ਅਮਰੀਕ ਸਿੰਘ ਜੀ ਨੇ ਚਲਾਈ ਸੀ ਉਹ ਫੈਡਰੇਸ਼ਨ ਤਾ ਪਤਾ ਨਹੀਂ ਕਿਧਰ ਗੁਆਚ ਗਈ। ਸਾਰੇ ਆਗੂ ਆਪਣੇ-ਆਪਣੇ ਅਹੁਦਿਆਂ ਤੇ ਸਿਆਸੀ ਲਾਲਚਾ ਵਿੱਚ ਘਿਰ ਗਏ। ਸਾਰੇ ਆਗੂ ਫੈਡਰੇਸ਼ਨ ਵੱਲੋਂ ਮਿੱਥੇ ਪੰਜ ਨਿਸ਼ਾਨਿਆਂ ਤੋਂ ਅਵੇਸਲੇ ਹੋ ਗਏ ਅਤੇ ਆਪਣੇ-ਆਪਣੇ ਧੜੇ ਨੂੰ ਹੀ ਸਰਗਰਮ ਕਰਨ ਅਤੇ ਦੂਜੇ ਠਿਬੀ ਲਗਾਉਣ ਲੱਗੇ ਰਹੇ ।1995 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਸ ਸਮੇਂ ਦੇ ਜੱਥੇਦਾਰ ਪ੍ਰੋ. ਮਨਜੀਤ ਸਿੰਘ ਜੀ ਨੇ ਉਪਰਾਲਾ ਕਰਕੇ 19 ਜਨਵਰੀ 1995 ਨੂੰ 5 ਘੰਟੇ ਲਗਾਤਾਰ ਪੰਜ ਸਿੰਘ ਸਹਿਬਾਨ ਦੀ ਮੀਟਿੰਗ ਕਰਨ ਉਪਰੰਤ ਫੈਡਰੇਸ਼ਨ ਦੇ ਪੰਜ ਧੜਿਆਂ , ਜਸਬੀਰ ਸਿੰਘ ਘੁੰਮਣ, ਹਰਮਿੰਦਰ ਸਿੰਘ ਗਿੱਲ, ਭੁਪਿੰਦਰ ਸਿੰਘ ਖਾਲਸਾ, ਵਰਡ ਸਿੱਖ ਯੂਥ ਔਰਗੇਨਾਇਜੇਸ਼ਨ, ਸਿੱਖ ਯੂਥ ਫੈਡਰੇਸ਼ਨ ਪਰਮਿੰਦਰ ਸਿੰਘ ਢਿੱਲੋ ਨੂੰ ਇੱਕ ਕਰਕੇ ਫੇਰ ਤੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਗਠਨ ਕੀਤਾ ਅਤੇ ਭਾਈ ਕਰਨੈਲ ਸਿੰਘ ਪਿੰਡ ਪੀਰ ਮੁਹੰਮਦ ਤਹਿਸੀਲ ਜੀਰਾ ਜਿਲਾ ਫਿਰੋਜ਼ਪੁਰ ਨੂੰ ਸਰਬਸੰਮਤੀ ਨਾਲ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਨੋਜਵਾਨ ਵਰਗ ਵਿੱਚ ਇੱਕ ਵਾਰ ਫਿਰ ਖੁਸ਼ੀ ਦੀ ਲਹਿਰ ਦੋੜੀ। ਨੌਜਵਾਨਾਂ ਨੂੰ ਇਹ ਆਸ ਬੱਝੀ ਕਿ ਫੈਡਰੇਸ਼ਨ ਫੇਰ ਸੁਰਜੀਤ ਹੋ ਗਈ ਹੈ ।ਭਾਈ ਕਰਨੈਲ ਸਿੰਘ ਪੀਰ ਮੁਹੰਮਦ ਦੀ ਅਗਵਾਈ ਵਿੱਚ ਫੈਡਰੇਸ਼ਨ ਇੱਕ ਵਾਰ ਫਿਰ ਤੋਂ ਆਪਣੇ ਪੁਰਾਣੇ ਮੁਕਾਮ ਵੱਲ ਵਧਣ ਲੱਗੀ, ਜਗ੍ਹਾ-ਜਗ੍ਹਾ ਯੂਨਿਟ ਸਥਾਪਿਤ ਕੀਤੇ ਜਾਣ ਲੱਗੇ, ਗੁਰਮਤਿ ਚੇਤਨਾਂ ਕੈਂਪ, ਅੰਮ੍ਰਿਤ ਸੰਚਾਰ ਕੈਂਪ, ਕਨਵੈਨਸ਼ਨਾਂ ਫੇਰ ਤੋਂ ਹੋਣ ਲੱਗੀਆਂ ।ਆਲ ਇੰਡੀਆ ਸਿੱਖ ਸਟੂਡੈਟਸ ਫੈਡਰੇਸ਼ਨ ਨੇ ਨਵੰਬਰ 1984 ਸਿੱਖ ਨਸਲਕੁਸ਼ੀ ਦਾ ਕੇਸ ਲੜਿਆਂ ਤੇ ਉਹ ਕੇਸ ਜਿੱਤਿਆ ਅੱਜ ਸੱਜਣ ਕੁਮਾਰ ਵਰਗੇ ਵੱਡੇ ਕਾਂਗਰਸੀ ਨੇਤਾ ਤਿਹਾੜ ਜੇਲ੍ਹ ਅੰਦਰ ਬੰਦ ਹਨ ।ਫੈਡਰੇਸ਼ਨ ਨੇ ਭਾਰਤ ਦੇ ਅੰਦਰ ਜਿੱਥੇ ਜਿੱਥੇ ਵੀ ਸਿੱਖ ਨਸਲਕੁਸ਼ੀ ਹੋਈ ਸੀ ਉਥੇ ਜਾ ਕੇ ਅੰਕੜੇ ਇਕੱਠੇ ਕੀਤੇ ਤੇ ਸਿੱਖ ਕੌਮ ਨਾਲ ਹੋਈਆ ਜਿਆਦਤੀਆ ਨੂੰ ਸੰਯੁਕਤ ਰਾਸ਼ਟਰ ਵਿੱਚ ਰੱਖਿਆ। ਹਰਿਆਣਾ ਰਾਜ ਅੰਦਰ ਹੋਂਦ ਚਿੱਲੜ ਅਤੇ ਜੰਮੂ-ਕਸ਼ਮੀਰ ਵਿਖੇ ਰਿਆਸੀ ਉੱਤਰਪ੍ਰਦੇਸ਼ ਅੰਦਰ ਕਾਨਪੁਰ ਬਿਹਾਰ ਝਾਰਖੰਡ ਵਿਖੇ ਬੇਕਾਰੋ ਵਿਖੇ ਅੰਕੜੇ ਇਕੱਠੇ ਕੀਤੇ ।ਇਸ ਦਾ ਅਸਰ ਇਹ ਹੋਇਆ ਕਿ ਰਾਜ ਸਰਕਾਰਾ ਨੂੰ ਕਮਿਸ਼ਨ ਬਣਾਉਣ ਲਈ ਮਜਬੂਰ ਹੋਣਾ ਪਿਆ ਮਜਬੂਰ ਹੋਕੇ ਪੀੜਤ ਸਿੱਖ ਪਰਿਵਾਰਾ ਨੂੰ ਮੁਆਵਜੇ ਦੇਣੇ ਪਏ ਹੋਦ ਚਿੱਲੜ ਰਿਵਾੜੀ ਗੁੜਗਾਂਵ ਦੇ ਪੀੜਤ ਪਰਿਵਾਰਾ ਨੂੰ 25 /25 ਲੱਖ ਦਾ ਮੁਆਵਜ਼ਾ ਮਿਲਿਆ ਉਹ ਕੇਸ ਅੱਜ ਵੀ ਚੱਲ ਰਹੇ ਹਨ । ਫੈਡਰੇਸ਼ਨ ਪ੍ਰਧਾਨ ਸ੍ ਕਰਨੈਲ ਸਿੰਘ ਪੀਰ ਮੁਹੰਮਦ ਨੇ ਜਦ ਕੜਕੜਡੂੰਮਾ ਦੀ ਸੈਸ਼ਨ ਅਦਾਲਤ ਦੇ ਜੱਜ ਜੇ ਆਰ ਆਰੀਅਨ ਵੱਲੋ ਸੱਜਣ ਕੁਮਾਰ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ ਤਾ ਪੀਰ ਮੁਹੰਮਦ ਨੇ ਆਪਣੀ ਜੁੱਤੀ ਸੱਜਣ ਕੁਮਾਰ ਤੇ ਰੋਸ ਵਜੋ ਅਦਾਲਤ ਵਿੱਚ ਸੁੱਟ ਦਿੱਤੀ ਜਿਸ ਕਰਕੇ ਉਹਨਾ ਨੂੰ ਗ੍ਰਿਫਤਾਰ ਕਰਕੇ ਤਿਹਾੜ ਜੇਲ੍ਹ ਦਿੱਲੀ ਭੇਜ ਦਿੱਤਾ ਗਿਆ । ਹੁਣ ਆਪਾ ਫਿਰ ਫੈਡਰੇਸ਼ਨ ਦੇ ਹਾਲਤਾ ਦੀ ਗੱਲ ਕਰੀਏ ਤਾ ਏਜੰਸੀਆਂ ਅਤੇ ਸਿਆਸੀ ਆਗੂਆਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਫੈਡਰੇਸ਼ਨ ਦੀ ਫੇਰ ਤੋਂ ਚੜਤ ਹੋਵੇ। ਉਹਨਾਂ ਨੇ ਫੈਡਰੇਸ਼ਨ ਆਗੂਆਂ ਨੂੰ ਭਰਮਾਉਣਾ ਸ਼ੁਰੂ ਕਰ ਦਿੱਤਾ। ਤਕਰੀਬਨ ਇੱਕ ਸਾਲ ਦੇ ਅਰਸੇ ਤੋਂ ਬਾਅਦ ਇਹ ਲੋਕ ਕਾਮਯਾਬ ਹੋ ਗਏ ਜਦੋਂ ਗਿੱਦੜਬਾਹਾ ਦੀ ਜਿਮਨੀ ਚੋਣ ਸਮੇਂ ਇੱਕ ਧੜਾ ਇੱਕ ਸੀਨੀਅਰ ਸਿਆਸੀ ਆਗੂ ਦੀਆ ਗੱਲਾ ਵਿੱਚ ਆ ਕੇ ਵੱਖ ਹੋ ਗਿਆ। ਇਸ ਤੋਂ ਬਾਅਦ ਵੀ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਉਸੇ ਤਰ੍ਹਾਂ ਫੈਡਰੇਸ਼ਨ ਦੀ ਸੇਵਾ ਕਰਦੇ ਰਹੇ। ਕੁੱਝ ਸਮੇਂ ਬਾਅਦ ਸ. ਹਰਮਿੰਦਰ ਸਿੰਘ ਗਿੱਲ ਵੀ ਫੈਡਰੇਸ਼ਨ ਨੂੰ ਛੱਡ ਕੇ ਕਾਂਗਰਸ ਵਿੱਚ ਸਾਮਲ ਹੋ ਗਏ ।ਅੱਜ ਜਦੋਂ ਫੈਡਰੇਸ਼ਨ ਦੀ ਹੋਂਦ ਨੂੰ 80 ਸਾਲ ਪੂਰੇ ਹੋ ਚੁੱਕੇ ਹਨ ਤਾਂ ਪੰਜਾਬ ਅੰਦਰ ਫੈਡਰੇਸ਼ਨ ਦੇ ਕੁਝ ਧੜੇ ਕੰਮ ਕਰ ਰਹੇ ਹਨ ਜਦ ਕਿ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ 30 ਨਵੰਬਰ 2018 ਨੂੰ ਤਿਹਾੜ ਜੇਲ੍ਹ ਪਹੁੰਚ ਕੇ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਅਸਤੀਫ਼ਾ ਦੇ ਦਿੱਤਾ ਉਹ ਤਕਰੀਬਨ 23 ਸਾਲ ਫੈਡਰੇਸ਼ਨ ਦੇ ਪ੍ਰਧਾਨ ਰਹੇ। ਓਹਨਾਂ ਨੇ ਅਸਤੀਫਾ ਦੇਕੇ ਕਿਹਾ ਕਿ ਉਹ ਹੋਰ ਸਿੱਖ ਨੌਜਵਾਨਾਂ ਨੂੰ ਮੌਕਾ ਦੇਣਾ ਚਾਹੁੰਦੇ ਹਨ । 14 ਅਪ੍ਰੈਲ 2022 ਵਿੱਚ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ ਤੇ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਦਾ ਜਰਨਲ ਸਕੱਤਰ , ਮੁੱਖ ਬੁਲਾਰਾ ਅਤੇ ਪੰਥਕ ਸਲਾਹਕਾਰ ਬੋਰਡ ਦਾ ਮੈਬਰ ਨਿਯੁਕਤ ਕੀਤਾ ♦ ਫੈਡਰੇਸ਼ਨ ਦੇ 75 ਵੇਂ ਇਜਲਾਸ ਦੌਰਾਨ ਮੋਗਾ ਵਿਖੇ ਫੈਡਰੇਸ਼ਨ ਦੇ ਸੀਨੀਅਰ ਆਗੂ ਸ੍ਰ. ਜਗਰੂਪ ਸਿੰਘ ਚੀਮਾਂ ਜੋ ਕਿ ਪਟਿਆਲਾ ਦੇ ਰਹਿਣ ਵਾਲੇ ਹਨ ਪਿਛਲੇ ਲੰਮੇ ਸਮੇਂ ਤੋ ਕਰਨੈਲ ਸਿੰਘ ਪੀਰ ਮੁਹੰਮਦ ਦੀ ਅਗਵਾਈ ਵਿੱਚ ਫੈਡਰੇਸ਼ਨ ਦੇ ਕਈ ਅਹਿਮ ਅਹੁਦਿਆਂ ਉਪਰ ਸੇਵਾ ਕਰਦੇ ਆ ਰਹੇ ਸਨ ! ਉਹਨਾਂ ਨੂੰ ਆਲ ਇੰਡੀਆ ਸਿੱਖ ਸਟੂਡੈਟਸ ਫੈਡਰੇਸ਼ਨ ਦਾ ਪ੍ਰਧਾਨ ਸਰਵਸੰਮਤੀ ਨਾਲ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ ਉਹਨਾਂ ਤੋ ਬਾਅਦ ਐਡਵੋਕੇਟਪਰਮਿੰਦਰਸਿੰਘ ਢੀਗਰਾ ਫੈਡਰੇਸ਼ਨ ਦੇ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤੇ ਗਏ। ਅੱਜ ਜਦੋਂ ਫੈਡਰੇਸ਼ਨ ਆਪਣੇ 80 ਵਰੇ ਪੂਰੇ ਕਰ ਰਹੀ ਹੈ ਤਾਂ ਪੰਜਾਬ ਵਿੱਚ ਇਸ ਸਮੇਂ ਨਸ਼ਿਆਂ ਦੇ ਹੜ ਵਗ ਰਹੇ ਹਨ। ਪੰਜਾਬ ਦੀ ਜਵਾਨੀ ਨਸ਼ਿਆਂ ਵਿੱਚ ਗਰਕ ਹੋ ਰਹੀ ਹੈ ਮੌਕੇ ਦੀਆਂ ਸਰਕਾਰਾਂ ਇੱਕ ਯੋਜਨਾਬੰਦ ਢੰਗ ਦੇ ਨਾਲ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਰਹੀਆਂ ਹਨ ਸਰਕਾਰਾਂ ਪਾਸ ਜਵਾਨੀ ਤੇ ਕਿਸਾਨੀ ਨੂੰ ਬਚਾਉਣ ਲਈ ਤੇ ਉਨ੍ਹਾਂ ਦੇ ਉੱਜਲ ਭਵਿੱਖ ਲਈ ਕੋਈ ਵੀ ਠੋਸ ਯੋਜਨਾ ਨਹੀ ਅਜਿਹੇ ਹਾਲਾਤਾਂ ਵਿਚ ਫੈਡਰੇਸ਼ਨ ਆਪਣੀ 80 ਵੀਂ ਵਰ੍ਹੇਗੰਢ ਮਨਾ ਰਹੀ ਹੈ ਇਸ ਮੌਕੇ ਸਾਨੂੰ ਪੂਰਨ ਆਸ ਹੈ ਕਿ ਉਹ ਇਨ੍ਹਾਂ ਦੁਸ਼ਵਾਰੀਆਂ ਨੂੰ ਖਤਮ ਕਰਨ ਲਈ ਠੋਸ ਰਣਨੀਤੀ ਬਣਾਵੇਗੀ ਕਿਉਕਿ ਪੰਜਾਬ ਦੀ ਪਵਿੱਤਰ ਧਰਤੀ ਉਪਰ ਸਾਹਿਬ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਬੇਅਦਬੀ ਹੋਣ ਦੀਆ ਕਈ ਘਟਨਾਵਾਂ ਵੀ ਵਾਪਰ ਚੁੱਕੀਆ ਹਨ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ੍ਰੋਮਣੀ ਅਕਾਲੀ ਦਲ ਵਰਗੀਆ ਮਹਾਨ ਸੰਸਥਾਵਾਂ ਉਪਰ ਪ੍ਰਸ਼ਨਚਿੰਨ੍ਹ ਲੱਗ ਰਹੇ ਹਨ ਅਜਿਹੇ ਵਿੱਚ ਸਿੱਖ ਕੌਮ ਦੀ ਹਰੇਕ ਸੰਸਥਾ ਨੂੰ ਆਤਮਮੰਥਨ ਕਰਨ ਦੀ ਬੇਹੱਦ ਲੋੜ ਹੈ ਫੈਡਰੇਸ਼ਨ ਵਰਗੀ ਜੁਝਾਰੂ ਜਥੇਬੰਦੀ ਨੂੰ ਮਜਬੂਤ ਕਰਨ ਲਈ ਫੈਡਰੇਸ਼ਨ ਦੇ ਪੁਰਾਣੇ ਮੁਕਾਮ ਨੂੰ ਦੁਬਾਰਾ ਹਾਸਲ ਕਰਨ ਦੀ ਬੇਹੱਦ ਲੋੜ ਹੈ । ਮੇਰੀ ਸਕੂਲਾ ਕਾਲਜਾ ਯੂਨਿਵਰਸਿਟੀ ਪੜਦੇ ਸਿੱਖ ਪੰਜਾਬੀ ਨੌਜਵਾਨ ਲੜਕੇ ਲੜਕੀਆ ਨੂੰ ਅਪੀਲ ਹੈ ਕਿ ਆਉ ਫੈਡਰੇਸ਼ਨ ਦੇ ਮੈਬਰ ਬਣਕੇ ਇਸ ਮਹਾਨ ਜਥੇਬੰਦੀ ਦੇ ਪਲੇਟਫਾਰਮ ਨੂੰ ਸਿੱਖ ਕੌਮ ਦੀ ਚੜਦੀਕਲਾ ਲਈ ਸਹੀ ਢੰਗ ਨਾਲ ਇਸਤੇਮਾਲ ਕਰੀਏ । ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ 80 ਵੀ ਵਰੇਗੰਢ ਮੌਕੇ ਫੈਡਰੇਸ਼ਨ ਦੇ ਸਰਪ੍ਰਸਤ ਸ੍ ਕਰਨੈਲ ਸਿੰਘ ਪੀਰਮੁਹੰਮਦ ਦੀ ਅਗਵਾਈ ਵਿੱਚ ਫੈਡਰੇਸ਼ਨ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਢੀਗਰਾ ਦੀ ਅਗਵਾਈ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ ਖਾਲਸਾ ਪੰਥ ਦੀ ਚੜਦੀ ਕਲਾ ਅਤੇ ਪੰਥਕ ਏਕਤਾ ਲਈ ਅਰਦਾਸ ਸਮਾਗਮ ਕੀਤਾ ਜਾ ਰਿਹਾ ਹੈ ਕਿੰਨਾ ਚੰਗਾ ਹੁੰਦਾ ਜੇ ਖਾਲਸਾ ਪੰਥ ਦਾ ਹਰਿਆਵਲ ਦਸਤਾ ਇਕਜੁੱਟ ਹੋਕੇ ਆਪਣਾ 80 ਵਾ ਸਾਲਾਨਾ ਦਿਵਸ ਮਨਾਉਦਾ।


**-ਰਾਜਵਿੰਦਰ ਕੌਰ ਵਿਰਦੀ**

**ਮੀਡੀਆ ਇੰਚਾਰਜ ਆਲ ਇੰਡੀਆ**

**ਸਿੱਖ ਸਟੂਡੈਂਟਸ ਫੈਡਰੇਸ਼ਨ( ਇਸਤਰੀ ਵਿੰਗ)**


ਆਵਾਜ਼ਿ ਕੌਮ AWAZE QAUM International Newspaper & WEB TV

### ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਜ਼ਿਲ੍ਹਾ ਕਪੂਰਥਲਾ ਵੱਲੋਂ

# ਡੀਜ਼ਲ/ਪੈਟਰੋਲ ਆਦਿ ਦੇ ਵਧੇ ਰੇਟ ਵਾਪਸ ਲੈਣ ਲਈ ਮੈਮੋਰੈਂਡਮ










**ਕਪੂਰਥਲਾ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਕੁਝ ਦਿਨ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਰਕਾਰ ਵੱਲੋਂ ਡੀਜ਼ਲ ਤੇ 92 ਪੈਸੇ ਅਤੇ ਪੈਟਰੋਲ ਤੇ 62 ਪੈਸੇ ਵੈਟ ਵਧਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਬਿਜਲੀ ਵਿੱਚ 7 ਕਿਲੋਵਾਟ ਤੱਕ 3 ਰੁਪਏ ਪ੍ਰਤੀ ਯੂਨਿਟ ਤੱਕ ਮਿਲਦੀ ਸਬਸਿੱਡੀ ਖਤਮ ਕਰਕੇ ਬਹੁੱਤ ਵੱਡਾ ਬੋਝ ਪਾਇਆ ਹੈ। ਇਹਨਾਂ ਦੋਨੇ ਫੈਸਲਿਆ ਨਾਲ ਪੰਜਾਬ ਦੇ ਲੋਕਾਂ ਤੇ ਲਗਭਗ 2400 ਕਰੋੜ ਦਾ ਜੋ ਨਵਾਂ ਬੋਝ ਪਾਇਆ ਤੁਰੰਤ ਵਾਪਸ ਲਿਆ ਜਾਵੇ। ਇਸੇ ਤਰਾਂ ਪਿਛਲੇ ਸਮੇਂ ਵਿੱਚ ਵੀ ਕਈ ਵਾਰ ਬਿਜਲੀ ਦੇ ਰੇਟਾਂ ਚ ਵਾਧਾ ਕਰਕੇ ਲਗਭਗ 7800 ਕਰੋੜ ਦਾ ਬੋਝ ਆਮ ਜਨਤਾ ਤੇ ਪਾ ਚੁੱਕੇ ਹਨ। ਇਸ ਤੋਂ ਕੁਝ ਦਿੱਨ ਪਹਿਲਾਂ ਵਾਹਨਾਂ ਉੱਪਰ ਵੀ ਟੈਕਸ ਵਿੱਚ ਵਾਧਾ ਕੀਤਾ ਗਿਆ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇਹ ਟੈਕਸ ਵਿਧਾਨ ਸਭਾ ਦੇ ਚੱਲਦੇ ਸ਼ੈਸਨ ਨਾਂ ਹੀ ਦੱਸੇ ਗਏ ਤੇ ਨਾ ਹੀ ਕਿਸੇ ਵੀ ਵਿਧਾਨਕਾਰ ਨੂੰ ਇੰਨੇ ਵੱਡੇ ਜਨਤਾ ਤੇ ਬੋਝ ਪਾਉਣ ਸਮੇਂ ਭਰੋਸੇ ਚ ਲਿਆ ਗਿਆ। ਇੱਥੇ ਇਹ ਧਿਆਨ ਵਿੱਚ ਲਿਆਉਣਾ ਜ਼ਰੂਰੀ ਹੈ ਕੇ ਫਰਵਰੀ ਅਤੇ ਜੂਨ 2023 ਵਿੱਚ 1 ਰੁਪਏ ਵੈਟ ਵਧਾ ਕੇ ਤੇ 1 ਰੁਪਏ ਸੈਸ ਲੱਗਾ ਕਿ ਪਹਿਲਾਂ ਹੀ ਲਗਭਗ 900 ਕਰੋੜ ਦਾ ਸਲਾਨਾ ਬੋਝ ਪਾ ਚੁੱਕੇ ਹਨ। ਇਸ ਤੋਂ ਵੀ ਵੱਡੀ ਗੱਲ ਹੈ ਕਿ ਜਨਤਾ ਤੇ ਬੋਝ ਪੈਣ ਤੋਂ ਬਾਅਦ ਵੀ ਇਹਨਾਂ ਵਧੇ ਹੋਏ ਰੇਟਾਂ ਨਾਲ ਸਾਡੇ ਗੁਆਂਢੀ ਸੂਬਿਆਂ ਤੋਂ ਡੀਜ਼ਲ ਤੇ ਪੈਟਰੋਲ ਮਹਿੰਗਾ ਹੋਣ ਕਰਕੇ ਸੂਬੇ ਦਾ ਹੋਰ ਨੁਕਸਾਨ ਹੋ ਸਕਦਾ ਹੈ। ਜਿਵੇਂ ਕਿ ਪੈਟਰੋਲ ਲਗਭਗ ਹਰਿਆਣੇ ਤੋਂ 1.95 ਰੁਪਏ, ਹਿਮਾਚਲ ਤੋਂ 2.35 ਰੁਪਏ, ਜੰਮੂ ਕਸ਼ਮੀਰ ਤੋਂ 1.68 ਰੁਪਏ, ਚੰਡੀਗੜ ਤੋ 3.00 ਰੁਪਏ ਮਹਿੰਗਾਂ ਹੈ। ਇਸੇ ਤਰਾਂ ਡੀਜਲ ਹਿਮਾਚਲ ਤੋਂ 1.42 ਰੁਪਏ, ਜੰਮੂ ਕਸ਼ਮੀਰ ਤੋਂ 4.39 ਰੁਪਏ, ਚੰਡੀਗੜ ਤੋ 5.66 ਰੁਪਏ ਮਹਿੰਗਾ ਹੋਣ ਕਰਕੇ ਸੂਬੇ ਦਾ ਬਹੁੱਤ ਵੱਡਾ ਨੁਕਸਾਨ ਹੋਵੇਗਾ। ਮਾਨਯੋਗ ਰਾਜਪਾਲ ਸਾਹਿਬ ਡੀਜਲ ਅਤੇ ਪੈਟਰੋਲ ਦਾ ਸਿੱਧਾ ਅਸਰ ਭਾੜੇ ਰਾਹੀ ਮਹਿੰਗਾਈ ਨਾਲ ਜੁੜਿਆ ਹੁੰਦਾ ਹੈ। ਜਿਸ ਦਾ ਅਸਰ ਉਸੇ ਅੱਧੀ ਰਾਤ ਤੋਂ ਇਕ ਹੋਰ ਨਾਦਰਸ਼ਾਹੀ ਫਰਮਾਨ ਰਾਹੀ ਸਾਹਮਣੇ ਆਇਆ ਕਿ 23 ਪੈਸੇ ਪ੍ਰਤੀ ਕਿਲੋਮੀਟਰ ਬੱਸ ਕਿਰਾਇਆ ਵਧਾ ਦਿੱਤਾ ਹੈ। ਜਿਸ ਨਾਲ ਦੋ ਦਿੱਨਾ ਵਿੱਚ ਹੀ ਲੋਕ ਤਰਾਈ ਤਰਾਈ ਕਰਨ ਲੱਗੇ ਹਨ। ਜਿਹੜਾ ਮਜ਼ਦੂਰ ਜਾਂ ਮੁਲਾਜ਼ਮ ਜਾਂ ਕੋਈ ਪੰਜਾਬ ਦਾ ਵਾਸੀ 15 ਰੁਪਏ ਵਿੱਚ ਸਫਰ ਕਰਦਾ ਸੀ ਉਸ ਨੂੰ ਹੁੱਣ 20 ਰੁਪਏ ਦੇਣੇ ਪੈਂਦੇ ਹਨ ਤੇ ਆਉਣ ਵਾਲੇ ਦਿੱਨਾ ਵਿੱਚ ਢੋਆ-ਢੋਆਈ ਮਹਿੰਗੀ ਹੋਣ ਨਾਲ ਹਰ ਇੰਨਸਾਨ ਦੀ ਰਸੋਈ ਤੋ ਲੈ ਕੇ ਸਾਰੇ ਖ਼ਰਚਿਆਂ ਵਿੱਚ ਵਾਧਾ ਹੋਵੇਗਾ। ਮਾਨਯੋਗ ਰਾਜਪਾਲ ਸਾਹਿਬ ਕੁਝ ਸਮਾਂ ਪਹਿਲਾਂ ਹੀ ਪੰਜਾਬ ਰਜਿਸਟਰੀ ਰੇਟ ਇੰਨਾਂ ਵਧਾਏ ਗਏ ਹਨ ਜਿਸ ਨਾਲ ਪੰਜਾਬ ਸਰਕਾਰ ਨੇ ਆਪਣੇ ਖ਼ਜ਼ਾਨੇ ਵਿੱਚ 2000 ਕਰੋੜ ਵਾਧੂ ਪੈਣ ਦੀ ਆਸ ਜਤਾਈ ਜੋ ਆਮ ਜਨਤਾ ਦੀ ਜੇਬ ਤੇ ਵੱਡਾ ਡਾਕਾ ਹੈ ਵਾਪਸ ਲਏ ਜਾਣ। ਮਾਨਯੋਗ ਗਵਰਨਰ ਸਾਹਿਬ ਪੰਜਾਬ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਪੰਜਾਬ ਨੂੰ ਕਰਜ਼ਾ ਮੁੱਕਤ ਕਰਨਗੇ ਪਰ ਇਸ ਸਰਕਾਰ ਦੇ ਸਮੇਂ ਦੌਰਾਨ ਲਗਭਗ ਇੱਕ ਲੱਖ ਕਰੋੜ ਦਾ ਕਰਜ਼ਾ ਵਧਾ ਚੁੱਕੇ ਹਨ। ਕੇਂਦਰ ਦੀਆਂ ਸਕੀਮਾਂ ਦੇ ਨਾਮ ਬਦਲਣ ਕਰਕੇ ਜਾਂ ਕਿਸੇ ਵੀ ਹੋਰ ਨੁਕਤਿਆਂ ਕਰਕੇ ਸਿਹਤ ਫੰਡਾਂ ਅਤੇ ਦਿਹਾਤੀ ਵਿਕਾਸ ਫੰਡ ਤੇ ਰੋਕ ਲੱਗੀ ਹੈ ਸਰਕਾਰ ਨੂੰ ਹਦਾਇਤ ਕਰੋ ਕਿ ਤੁਰੰਤ ਪੈਰਵਾਈ ਕਰਕੇ ਪੰਜਾਬ ਨੂੰ ਦਿਵਾਉਣੇ ਯਕੀਨੀ ਬਣਾਉ ਤਾਂ ਕਿ ਆਮ ਜਨਤਾ ਤੇ ਬੋਝ ਨੂੰ ਘਟਾਇਆ ਜਾਵੇ। ਰਾਜਪਾਲ ਪੰਜਾਬ ਜੀ ਇਕ ਹੋਰ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਮੁੱਦਾ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਜੋ ਬੰਦੀ ਸਿਘਾਂ ਨੇ ਬਣਦੀਆਂ ਸਜਾ ਕੱਟ ਚੁੱਕੇ ਹਨ ਰਿਹਾਅ ਨਹੀਂ ਕੀਤੇ ਜਾ ਰਹੇ ਅਤੇ ਨਵਾਂ ਮਾਮਲਾ ਕਿ ਮੈਂਬਰ ਪਾਰਲੀਮੈਂਟ ਜਿੱਤਣ ਦੇ ਬਾਵਜੂਦ ਪੰਜਾਬ ਸਰਕਾਰ ਐਨਐਸ਼ਏ ਨਹੀਂ ਹਟਾ ਰਹੀ ਅਤੇ ਹੋਰ ਵੀ ਨੌਜੁਆਨਾ ਤੇ ਵੀ ਐਨਐਸਏ ਦੀ ਗਲਤ ਵਰਤੋਂ ਕੀਤੀ ਹੋਈ ਹੈ ਇਸ ਮਸਲੇ ਤੇ ਵੀ ਸਰਕਾਰ ਤੋਂ ਇੰਨਸਾਫ ਦਿਵਾਇਆ ਜਾਵੇ। ਪੰਜਾਬ ਸਰਕਾਰ ਨੂੰ ਇਹ ਵੀ ਸਖ਼ਤ ਹਦਾਇਤਾਂ ਦਿਉ ਕਿ ਦੂਸਰੇ ਸੂਬਿਆਂ ਵਿੱਚ ਮਸ਼ਹੂਰੀਆਂ ਆਦਿ ਨਜਾਇਜ਼ ਖ਼ਰਚਿਆਂ ਤੇ ਰੋਕ ਲਾਈ ਜਾਵੇ ਕਿਉਂਕਿ ਮਸ਼ਹੂਰੀਆਂ ਅਤੇ ਆਦਿ ਤੇ ਲਗਭਗ 750 ਕਰੋੜ ਸਲਾਨਾਂ ਖ਼ਰਚਿਆ ਦੱਸਿਆ ਜਾ ਰਿਹਾ ਹੈ ਜੋ ਕਿ ਪੰਜਾਬ ਦੀ ਜਨਤਾ ਨਾਲ ਸਰਾਸਰ ਧੋਖਾ ਹੈ। ਸੋ ਸਾਡੀ ਆਪਣੀ ਨੂੰ ਪੁੱਰਜੋਰ ਬੇਨਤੀ ਹੈ ਕਿ ਪੰਜਾਬ ਦੀ ਆਮ ਜਨਤਾ ਤੇ ਪਾਇਆ ਇਹ ਭਾਰੀ ਬੋਝ ਵਾਪਸ ਲੈ ਕੇ ਜਨਤਾ ਨਾਲ ਇੰਨਸਾਫ ਕੀਤਾ ਜਾਵੇ ਜੀ। ਪੰਜਾਬ ਵਿੱਚ ਜਿੱਥੇ ਨਸ਼ੇ ਕੰਟਰੋਲ ਨਹੀ ਹੋਏ, ਨਸ਼ਿਆਂ ਦਾ ਬੜਾ ਵੱਡਾ ਕੋਹੜ ਸਾਡੇ ਸਮਾਜ ਚ ਲੱਗਾ ਹੈ। ਇਸ ਪਾਸੇ ਵੀ ਖਾਸ ਧਿਆਨ ਦਿੱਤਾ ਜਾਵੇ। ਗੈਂਗਸਟਰਵਾਦ ਕਰਕੇ ਰੋਜ਼ਾਨਾ ਗੋਲੀਬਾਰੀ, ਲੁੱਟਾਂ ਖੋਹਾਂ, ਡਕੈਤੀਆ ਆਦਿ ਹੋਣ ਕਰਕੇ ਪੰਜਾਬ ਦੇ ਲੋਕ ਡਰੇ ਹੋਏ ਹਨ। ਕਾਨੂੰਨ ਦੀ ਵਿਗੜਦੀ ਹਲਾਤ ਤੇ ਉਚੇਚਾ ਧਿਆਨ ਦਿੱਤਾ ਜਾਵੇ ਜੀ।



ਆਵਾਜ਼ਿ ਕੌਮ AWAZE QAUM International Newspaper & WEB TV

## ਰਾਹੁਲ ਗਾਂਧੀ ਨੇ ਭਾਜਪਾ ਦੇ ਸ਼ਾਸਨ ਦੌਰਾਨ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਧਰਮਾਂ ਅਤੇ ਖੇਤਰਾਂ ਦੇ ਲੋਕਾਂ ਨੂੰ ਦਰਪੇਸ਼ ਵਿਆਪਕ ਚੁਣੌਤੀਆਂ ਦੇ ਪ੍ਰਤੀਬਿੰਬ ਨੂੰ ਕੀਤਾ ਉਜਾਗਰ: ਮਹਿੰਦਰ ਸਿੰਘ ਗਿਲਜੀਆਂ

# ਮੁੱਖ ਮਸਲਾ ਦੇਸ਼ ਅੰਦਰ ਧਾਰਮਿਕ ਆਜ਼ਾਦੀ ਅਤੇ ਸੱਭਿਆਚਾਰਕ ਪਛਾਣ ਦੇ ਖਾਤਮੇ ਬਾਰੇ

ਨਵੀਂ ਦਿੱਲੀ 12 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):- ਆਈ ਓ.ਸੀ. ਯੂਐਸਏ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਮੀਡੀਆ ਨੂੰ ਜਾਰੀ ਕੀਤੇ ਆਪਣੇ ਬਿਆਨ ਵਿਚ ਕਿਹਾ ਕਿ ਅਮਰੀਕਾ ਅੰਦਰ ਰਾਹੁਲ ਗਾਂਧੀ ਦੇ ਭਾਸ਼ਣ ਨੂੰ ਭਾਜਪਾ ਅਤੇ ਹਿੰਦੁਸਤਾਨੀ ਮੀਡੀਆ ਵਲੋਂ ਗਲਤ ਬਿਆਨਬਾਜ਼ੀ ਅਤੇ ਦੇਸ਼ ਨੂੰ ਗੁੰਮਰਾਹ ਕਰਨ

ਆਵਾਜ਼ਿ ਕੌਮ AWAZE QAUM International Newspaper & WEB TV



ਲਈ ਪੇਸ਼ ਕੀਤਾ ਜਾ ਰਿਹਾ ਹੈ। ਭਾਜਪਾ ਅਤੇ ਇਸਦੇ ਮੀਡੀਆ ਆਊਟਲੇਟਾਂ ਦੀ ਵਿਵਾਦ ਪੈਦਾ ਕਰਨ ਲਈ ਚੋਣਵੇਂ ਬਿਆਨਾਂ ਨੂੰ ਹਾਈਲਾਈਟ ਕਰਨ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਹੈ। ਇਸ ਮਾਮਲੇ ਵਿੱਚ, ਰਾਹੁਲ ਗਾਂਧੀ ਦੇ ਇੱਕ ਸੰਦੇਸ਼ ਨੂੰ ਵਿਆਪਕ ਰੂਪ ਵਿੱਚ ਗਲਤ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਜਦੋਂ ਉਹ ਅਸਲ ਮੁੱਦਿਆਂ ਤੋਂ ਬਾਹਰ ਹੋ ਜਾਂਦੇ ਹਨ, ਤਾਂ ਉਹ ਝੂਠੇ ਬਿਰਤਾਂਤ ਦਾ ਸਹਾਰਾ ਲੈਂਦੇ ਹਨ, ਜਿਸ ਨੂੰ ਕਾਇਮ ਰੱਖਣਾ ਉਨ੍ਹਾਂ ਲਈ ਮੁਸ਼ਕਲ ਹੁੰਦਾ ਜਾ ਰਿਹਾ ਹੈ । ਰਾਹੁਲ ਗਾਂਧੀ ਦੁਆਰਾ ਦਿੱਤੇ ਗਏ ਬਿਆਨ ਨੂੰ ਇੱਕ ਵੱਡੇ ਸੰਦਰਭ ਵਿੱਚ ਸਮਝਿਆ ਜਾਣਾ ਚਾਹੀਦਾ ਹੈ, ਕਿਸੇ ਦੇ ਧਰਮ ਨੂੰ ਮੰਨਣ ਦੀ ਘੱਟ ਰਹੀ ਆਜ਼ਾਦੀ ਨੂੰ ਸੰਬੋਧਿਤ ਕਰਦੇ ਹੋਏ ਅਤੇ ਕੁਝ ਸਥਿਤੀਆਂ ਵਿੱਚ ਆਪਣੀ ਪਛਾਣ ਬਣਾਈ ਰੱਖਣ ਲਈ ਰਾਹੁਲ ਗਾਂਧੀ ਨੇ ਇਸ ਨੁਕਤੇ ਨੂੰ ਦਰਸਾਉਣ ਲਈ ਇੱਕ ਖਾਸ ਉਦਾਹਰਣ ਦੀ ਵਰਤੋਂ ਕੀਤੀ, ਅਤੇ ਇਹ ਇਤਫਾਕ ਸੀ ਕਿ ਓਹ ਵਿਅਕਤੀ ਸਿੱਖ ਭਾਈਚਾਰੇ ਨਾਲ ਸਬੰਧਤ ਸੀ, ਉਸ ਦੇ ਵਿਆਪਕ ਸਵਾਲ ਦਾ ਮਤਲਬ ਇਹ ਸੀ ਕਿ ਕੋਈ ਵੀ, ਕਿਸੇ ਵੀ ਭਾਈਚਾਰੇ ਤੋਂ ਕਿਵੇਂ ਮਹਿਸੂਸ ਕਰੇਗਾ ਜੇਕਰ ਉਨ੍ਹਾਂ ਦੇ ਮੌਲਿਕ ਅਧਿਕਾਰਾਂ 'ਤੇ ਪਾਬੰਦੀ ਲਗਾ ਦਿੱਤੀ ਗਈ - ਭਾਵੇਂ ਇਹ ਸਿੱਖਾਂ ਲਈ ਪੱਗ ਜਾਂ ਕੜਾ ਵਰਗੇ ਧਾਰਮਿਕ ਚਿੰਨ੍ਹ, ਵਿਦਿਅਕ ਸੰਸਥਾਵਾਂ ਵਿਚ ਮੁਸਲਿਮ ਕੁੜੀਆਂ ਲਈ ਹਿਜਾਬ ਜਾਂ ਈਸਾਈ ਚਰਚਾਂ 'ਤੇ ਹਮਲੇ ਹੋਣ। ਇਸ ਤੋਂ ਇਲਾਵਾ, ਉਸਨੇ ਇਸ ਵਿਚਾਰ ਨੂੰ ਵਧਾਇਆ ਕਿ ਜੇਕਰ ਕਿਸੇ ਖਾਸ ਖੇਤਰ ਦੇ ਲੋਕ ਉਨ੍ਹਾਂ ਦੀ ਭਾਸ਼ਾ, ਸੰਗੀਤ, ਸੱਭਿਆਚਾਰ ਜਾਂ ਪਰੰਪਰਾਵਾਂ ਨੂੰ ਘਟਾ ਰਹੇ ਹਨ ਤਾਂ ਉਹ ਕਿਵੇਂ ਮਹਿਸੂਸ ਕਰਨਗੇ। ਇੱਥੇ ਵੱਡਾ ਮਸਲਾ ਧਾਰਮਿਕ ਆਜ਼ਾਦੀ ਅਤੇ ਸੱਭਿਆਚਾਰਕ ਪਛਾਣ ਦੇ ਖਾਤਮੇ ਬਾਰੇ ਹੈ, ਅਤੇ ਕਿਸ ਤਰ੍ਹਾਂ ਕੁਝ ਕਾਰਵਾਈਆਂ ਅਤੇ ਨੀਤੀਆਂ ਭਾਰਤ ਦੇ ਸੰਮਲਿਤ ਅਤੇ ਵਿਭਿੰਨ ਵਿਚਾਰ ਨੂੰ ਮੁੜ ਆਕਾਰ ਦੇ ਰਹੀਆਂ ਹਨ ਜੋ ਸਾਡੇ ਸੰਵਿਧਾਨ ਵਿੱਚ ਦਰਜ ਹੈ। ਇਹ ਬਿਆਨ ਕਿਸੇ ਵਿਸ਼ੇਸ਼ ਭਾਈਚਾਰੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ, ਸਗੋਂ ਭਾਜਪਾ ਦੇ ਸ਼ਾਸਨ ਦੌਰਾਨ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਧਰਮਾਂ ਅਤੇ ਖੇਤਰਾਂ ਦੇ ਲੋਕਾਂ ਨੂੰ ਦਰਪੇਸ਼ ਵਿਆਪਕ ਚੁਣੌਤੀਆਂ ਦਾ ਪ੍ਰਤੀਬਿੰਬ ਹੈ, ਜੋ ਸਾਂਝੇ ਮੁੱਲਾਂ ਵਾਲੇ ਰਾਜਾਂ ਦੇ ਸੰਘ ਵਜੋਂ ਭਾਰਤ ਦੇ ਸੰਵਿਧਾਨਕ ਦ੍ਰਿਸ਼ਟੀਕੋਣ ਦੇ ਉਲਟ ਹੈ।

# ਪੈਟਰੋਲ, ਡੀਜਲ ਤੇ ਬਿਜਲੀ ਦਾ ਰੇਟ ਵੱਧਣ ਨਾਲ ਲੋਕਾਂ ਦੀ ਜੇਬ ਤੇ ਵੱਜਾ ਡਾਕਾ : ਮਜੀਠੀਆ

## ਗਾਂਧੀ ਨਿੱਬਰਵਿੰਡ ਨੇ ਵਰਕਰਾਂ ਨਾਲ ਕਰਵਾਈ ਜਰੂਰੀ ਮੀਟਿੰਗ



**ਚੌਂਕ ਮਹਿਤਾ, 12 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਨੇਤਾ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅੱਜ ਹਲਕਾ ਮਜੀਠਾ ਦੇ ਵੱਖ ਵੱਖ ਪਿੰਡਾਂ ਵਿਚ ਅਕਾਲੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗਾਂ ਕਰਦੇ ਨਜਰ ਆਏ। ਜਿਸ ਦੇ ਚਲਦਿਆਂ ਉਹ ਜਿਲ੍ਹਾ ਅੰਮ੍ਰਿਤਸਰ ਦਿਹਾਤੀ ਤੋਂ ਯੂਥ ਵਿੰਗ ਦੇ ਪ੍ਰਧਾਨ ਨਵਜਿੰਦਰਪਾਲ ਸਿੰਘ ਗਾਂਧੀ ਨਿੱਬਰਵਿੰਡ ਦੇ ਗ੍ਰਹਿ ਵਿਖੇ ਵੀ ਪਹੁੰਚੇ। ਇਸ ਵਕਤ ਉਨ੍ਹਾਂ ਦੇ ਨਾਲ ਮੇਜਰ ਸ਼ਿਵਚਰਨ ਸਿੰਘ ਸ਼ਿਵੀ ਸਿਆਸੀ ਸਲਾਹਕਾਰ, ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ ਤਨੇਲ, ਪ੍ਰਭ ਦਿਆਲ ਸਿੰਘ ਨੰਗਲ ਪੰਨਵਾ, ਰਾਜਨਬੀਰ ਸਿੰਘ ਘੁਮਾਣ, ਚੇਅਰਮੈਨ ਸਰਵਣ ਸਿੰਘ ਰਾਮਦੀਵਾਲੀ ਤੇ ਸਰਪੰਚ ਪਰਮਬੀਰ ਸਿੰਘ ਮੱਤੇਵਾਲ ਵੀ ਮੌਜੂਦ ਸਨ। ਸ. ਮਜੀਠੀਆ ਨੇ ਇਥੇ ਇਕੱਤਰ ਹੋਏ ਅਕਾਲੀ ਵਰਕਰਾਂ ਦੀਆਂ ਮੁਸ਼ਿਕਲਾਂ ਸੁਣੀਆਂ ਅਤੇ ਮੌਕੇ ਤੇ ਉਨ੍ਹਾਂ ਦਾ ਹੱਲ ਕਰਵਾਇਆ। ਮਜੀਠੀਆ ਨੇ ਗੱਲਬਾਤ ਕਰਦਿਆਂ ਆਖਿਆ ਕਿ ਪੰਜਾਬ ਦੇ ਲੋਕ ਪਹਿਲਾ ਹੀ ਮਹਿੰਗਾਈ ਦੇ ਬੋਝ ਥੱਲੇ ਦੱਬੇ ਪਏ ਹਨ, ਪਰ ਲੋਕਾਂ ਨੂੰ ਸੁੱਖ ਸਹੂਲਤਾਂ ਮੁਹੱਈਆ ਕਰਵਾਉਣ ਦੇ ਵਾਅਦੇ ਕਰਨ ਵਾਲੀ ਸਰਕਾਰ ਨੇ ਪਿਛਲੇ ਦਿਨੀ ਪੈਟਰੋਲ 61 ਪੈਸੇ ਅਤੇ ਡੀਜ਼ਲ 92 ਪੈਸੇ ਪ੍ਰਤੀ ਲੀਟਰ ਮਹਿੰਗਾ ਕਰਨ ਦੇ ਨਾਲ ਨਾਲ ਬਿਜਲੀ ਦਾ ਪ੍ਰਤੀ ਯੂਨਿਟ ਰੇਟ 5 ਰੁਪਏ ਤੋਂ ਵਧਾ ਕੇ 8 ਰੁਪਏ ਕਰਕੇ ਆਮ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਨ ਦਾ ਕੰਮ ਕੀਤਾ ਹੈ। ਸ. ਮਜੀਠੀਆ ਨੇ ਆਖਿਆ ਕਿ ਸਰਕਾਰ ਦੀਆਂ ਨੀਤੀਆਂ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ, ਲੋਕ ਇਸ ਨਿਕੰਮੀ ਸਰਕਾਰ ਤੋਂ ਛੁਟਕਾਰਾ ਪਾਉਣ ਲਈ ਕਾਹਲੇ ਬੈਠੇ ਹਨ। ਇਸ ਮੌਕੇ ਪ੍ਰਧਾਨ ਪਿੰਡੂ ਮਜੀਠਾ, ਸਰਪੰਚ ਗੁਰਭੇਜ ਸਿੰਘ ਭੀਲੋਵਾਲ, ਸੋਨੂ ਬੋਪਾਰਾਏ, ਸਰਪੰਚ ਸੁਖਦੇਵ ਸਿੰਘ ਨਿੱਬਰਵਿੰਡ, ਪ੍ਰਗਟ ਸਿੰਘ, ਸਿਕੰਦਰ ਸਿੰਘ, ਅਮਰਬੀਰ ਸਿੰਘ ਮਜੀਠਾ, ਸੁਖਚੈਨ ਸਿੰਘ, ਅਰਸ਼ ਨਿੱਬਰਵਿੰਡ ਤੇ ਮੱਦੂ ਨਿੱਬਰਵਿੰਡ ਆਦੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV


ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਬਾਬੇ ਦਾ ਵਿਆਹ (ਬਟਾਲਾ)

**ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਵਿਆਹ ਪੁਰਬ**



☛ ਜਨਮ ਦਿਹਾੜਾ ਧੰਨ ਬਾਬਾ ਸ੍ਰੀ ਚੰਦ ਸਾਹਿਬ ਜੀ।
☛ ਸਲਾਨਾ ਬਰਸੀਂ ਬਾਬਾ ਬਿਧੀ ਚੰਦ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ 14 ਸਤੰਬਰ ਸ਼ਾਮ 5 ਤੋਂ 8 ਵਜ ਤੱਕ ਦੀਵਾਨ ਸਜਣਗੇ।**

ਐਤਵਾਰ 15 ਸਤੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਰਾਗੀ ਭਾਈ ਹਰਿੰਦਰ ਸਿੰਘ ਬੰਬੇ ਵਾਲੇ ਕੀਰਤਨ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਆਵਾਜ਼ਿ ਕੌਮ AWAZE QAUM

### ਰੁੱਖਾਂ ਦੀ ਰਾਖੀ ਕਰਦੇ ਸ਼ਹੀਦ ਹੋਏ

# 363 ਲੋਕਾਂ ਦੀ ਯਾਦ ਵਿਚ ਕਰਵਾਇਆ ਸ਼ਹੀਦੀ ਸਮਾਗਮ



**ਫ਼ਿਰੋਜ਼ਪੁਰ, 12 ਸਤੰਬਰ (ਮਨੋਹਰ ਲਾਲ) :—** ਪੰਜਾਬ ਫਾਰੈਸਟ ਪੈਨਸ਼ਨਰਜ਼ ਐਸੋਸੀਏਸ਼ਨ, ਅਖਿਲ ਭਾਰਤੀਯ ਜੀਵ ਰੱਖਿਆ ਬਿਸ਼ਨੋਈ ਸਭਾ, ਵਣ ਰੇਂਜ ਅਬੋਹਰ, ਵਣ ਰੇਂਜ ਜੰਗਲੀ ਜੀਵ ਅਬੋਹਰ ਦੇ ਸਹਿਯੋਗ ਨਾਲ ਮਾਤਾ ਅਮ੍ਰਿ.ਤਾ ਦੇਵੀ ਦੀ ਯਾਦ ਵਿਚ ਮਹਿਰਾਜਪੁਰ ਤਹਿਸੀਲ ਸੀਤੋ ਗੁਨੋਂ ਵਿਖੇ ਬਣੇ ਪਾਰਕ ਵਿਚ ਸ਼ਹੀਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਰਾਜਸਥਾਨ ਦੇ ਜ਼ਿਲ੍ਹਾ ਜ਼ੋਧਪੁਰ ਦੇ ਪਿੰਡ ਖੇਜੜੀ ਵਿਖੇ ਰੁੱਖਾਂ ਦੀ ਰਾਖੀ ਕਰਦੇ ਸ਼ਹੀਦ ਹੋਏ 363 ਲੋਕਾਂ ਦੀ ਯਾਦ ਵਿਚ ਦੂਸਰੀ ਵਾਰ ਅਤੇ ਕੌਮੀ ਪੱਧਰ ਤੇ 19ਵੀਂ ਵਾਰ ਵਣ ਸ਼ਹੀਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਅਖਿਲ ਭਾਰਤੀਯ ਜੀਵ ਰੱਖਿਆ ਬਿਸ਼ਨੋਈ ਸਭਾ ਦੇ ਪ੍ਰਧਾਨ ਸ੍ਰੀ ਆਰ.ਡੀ ਬਿਸ਼ਨੋਈ, ਜਗਤਾਰ ਸਿੰਘ ਸਰਵਾਨਾ ਸੂਬਾ ਪ੍ਰਧਾਨ, ਗਨਾਨਾ ਪ੍ਰਸ਼ਾਦ ਆਈ.ਐਫ.ਐਚ. ਵਣ ਮੰਡਲ ਅਫਸਰ ਸ੍ਰੀ ਅੰਮ੍ਰਿਤਪਾਲ, ਵਣ ਮੰਡਲ ਅਫਸਰ ਸ੍ਰੀ ਮੁਕਤਸਰ ਸਾਹਿਬ, ਲਖਵਿੰਦਰ ਸਿੰਘ ਵਣ ਮੰਡਲ ਅਫਸਰ ਜੰਗਲੀ ਜੀਵ ਮੰਡਲ ਫ਼ਿਰੋਜ਼ਪੁਰ, ਗੋਲਡੀ ਮੁਸਾਫਰ ਹਲਕਾ ਵਿਧਾਇਕ, ਐਸ.ਐਸ.ਪੀ ਫ਼ਾਜ਼ਿਲਕਾ ਨੇ ਕੀਤੀ। ਇਸ ਮੌਕੇ ਸ੍ਰੀ ਬਲਵਿੰਦਰ ਸਿੰਘ ਸਿੱਧੂ ਚੇਅਰਮੈਨ ਪ੍ਰਬੰਧਕੀ ਕਮੇਟੀ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਗਿਆ। ਇਸ ਮੌਕੇ ਬੁਲਾਰਿਆਂ ਨੂੰ ਜ਼ੋਧਪੁਰ ਦੇ ਰਾਜਾ ਅਭੇ ਸਿੰਘ ਵੱਲੋਂ ਰੁੱਖਾਂ ਦੀ ਕਟਾਈ ਲਈ ਦਿੱਤੇ ਹੁਕਮ ਨੂੰ ਸਿਰੇ ਚਾੜਨ ਲਈ ਉਸ ਦੇ ਮੰਤਰੀਆਂ ਅਤੇ ਸੈਨਕਾਂ ਵੱਲੋਂ ਰੁੱਖਾਂ ਦੀ ਕਟਾਈ ਕਰਨ ਤੋਂ ਪਹਿਲਾਂ ਰੋਕਣ ਸਮੇਂ ਮਾਤਾ ਅੰਮ੍ਰਿਤਾ ਦੇਵੀ ਸਮੇਤ ਉਸ ਦੇ ਪਰਿਵਾਰ ਅਤੇ ਇਲਾਕੇ ਦੇ 363 ਲੋਕ ਸ਼ਹੀਦ ਹੋ ਗਏ। ਆਲ ਇੰਡੀਆ ਫਾਰੈਸਟ ਆਫੀਸਰਜ਼ ਫੈਡਰੇਸ਼ਨ ਵੱਲੋਂ ਸਾਲ 2005 ਤੋਂ ਇਹ ਵਣ ਸ਼ਹੀਦੀ ਦਿਵਸ ਮੱਧ ਪ੍ਰਦੇਸ਼ ਦੀ ਰਾਜਧਾਨੀ ਵਿਖੇ ਮਨਾ ਕੇ ਸ਼ੁਰੂ ਕੀਤਾ ਗਿਆ, ਜਿਸ ਵਿਚ ਉਸ ਸਮੇਂ ਦੇ ਕੇਂਦਰੀ ਵਣ ਮੰਤਰੀ ਸ੍ਰੀ ਨਵੋਂ ਨਰੇਣ ਮੀਨਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ 11 ਸਤੰਬਰ ਦੇ ਵਣ ਸ਼ਹੀਦੀ ਦਿਵਸ ਨੂੰ ਸਰਕਾਰੀ ਤੌਰ ਤੇ ਮਾਨਤਾ ਦਿੱਤੀ ਗਈ ਹੈ। ਇਸ ਸਮੇਂ ਵਣ ਸ਼ਹੀਦ ਨੂੰ ਸ਼ਰਧਾ ਭਾਵਨਾ ਨਾਲ ਯਾਦ ਕੀਤਾ ਗਿਆ ਅਤੇ ਲੋਕਾਂ ਨੂੰ ਰੁੱਖ ਲਗਾਉਣ, ਰੁੱਖ ਬਚਾਉਣ, ਜੰਗਲੀ ਜੀਵਾਂ ਦੀ ਰਾਖੀ ਕਰਨ ਦੀ ਅਪੀਲ ਕੀਤੀ ਗਈ। ਇਸ ਸਮੇਂ ਸ੍ਰੀ ਜਗਦੀਪ ਸਿੰਘ ਢਿੱਲੋਂ ਸਾਬਕਾ ਸੂਬਾ ਪ੍ਰਧਾਨ ਪੰਜਾਬ ਨਾਨ ਗਜਟਿਡ ਫਾਰੈਸਟ ਆਫੀਸਰਜ਼ ਯੂਨੀਅਨ ਅਤੇ ਮੈਂਬਰ ਪੰਜਾਬ ਫਾਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਮਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਬਲਜੀਤ ਸਿੰਘ ਕੰਗ, ਰਸ਼ਪਾਲ ਸਿੰਘ, ਭਜਨ ਸਿੰਘ, ਅਬਨਾਸ਼ ਚੰਦਰ ਰੇਂਜ ਅਫਸਰ ਅਬੋਹਰ, ਰੂਪਾਸ਼ ਸਿੰਘ ਬੀ.ਓ, ਮਨਜੀਤ ਸਿੰਘ ਬੀ.ਓ, ਰਵੀ ਕੁਮਾਰ ਬਰਗਾੜੀ, ਮੇਜਰ ਸਿੰਘ, ਨਿਸ਼ਾਨ ਸਿੰਘ ਸਾਬਕਾ ਰੇਂਜਰ, ਨਿਰਮਲ ਸਿੰਘ ਬੀ.ਓ, ਪ੍ਰਿਥੀ ਰਾਜ ਰੇਂਜਰ, ਮਨਪ੍ਰੀਤ ਸਿੰਘ ਰੇਂਜਰ ਬਠਿੰਡਾ, ਮਲਕੀਤ ਸਿੰਘ ਰੇਂਜਰ, ਕਰਿਸ਼ਨ ਕੁਮਾਰ, ਪਵਨ ਕੁਮਾਰ, ਪ੍ਰਸ਼ਾਤ ਗੋਦਾਰਾ, ਅਜੈਪਾਲ ਬਿਸ਼ਨੋਈ, ਜਰਨੈਲ ਸਿੰਘ, ਸਰਵਨ ਕੁਮਾਰ ਬਿਸ਼ਨੋਈ, ਸੰਜੈ ਬਿਸ਼ਨੋਈ, ਅਮਿਤ ਗੋਦਾਰਾ, ਸੁਸ਼ੀਲ ਬੋਲਾ, ਸੁਭਾਸ਼ ਬਿਸ਼ਨੋਈ, ਬਿਸ਼ਨੂੰ ਭਗਵਾਨ ਤੇਲੂ, ਦਲੀਪ ਸਿੰਘ ਜਲਾਲਾਬਾਦ, ਬਚਿੱਤਰ ਸਿੰਘ, ਦਰਬਾਰਾ ਸਿੰਘ ਹਾਜ਼ਰ ਸਨ। ਇਸ ਮੌਕੇ ਆਏ ਮਹਿਮਾਨਾਂ ਨੂੰ ਟੀਮ ਵੱਲੋਂ ਵਿਸ਼ੇਸ਼ ਯਾਦਗਾਰ ਸਨਮਾਨ ਚਿੰਨ ਭੇਂਟ ਕੀਤੇ, ਅੰਤ ਵਿਚ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

### ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਨੇ

# ਐਲਕੋਹੋਲਿਕ ਲਿਵਰ ਡਿਜ਼ੀਜ਼ ਤੋਂ ਪੀੜਤ ਨੌਜਵਾਨ ਨੂੰ ਦਿੱਤੀ ਨਵੀਂ ਜ਼ਿੰਦਗੀ





**ਫ਼ਿਰੋਜ਼ਪੁਰ, 12 ਸਤੰਬਰ (ਮਨੋਹਰ ਲਾਲ) :—** ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਵੱਲੋਂ 26 ਸਾਲ ਦੇ ਵਿਅਕਤੀ, ਜਿਸ ਨੂੰ ਅਲਕੋਹਲਿਕ ਲਿਵਰ ਡਿਜ਼ੀਜ਼, ਲਿਵਰ ਸਿਰੋਸਿਸ, ਡੀਕੰਪੈਂਸੇਟਿਡ ਪੋਰਟਲ ਹਾਈਪਰਟੈਨਸ਼ਨ, ਪੀਲੀਆ, ਈਸੋਫੇਗਲ ਵੈਰੀਸਿਸ ਦੇ ਲੱਛਣਾਂ ਨਾਲ ਹਸਪਤਾਲ ਲਿਆਂਦਾ ਗਿਆ ਸੀ ਅਤੇ ਹਸਪਤਾਲ ਵਿੱਚ ਰੈਫਰ ਕਰਨ ਸਮੇਂ ਜਿਸ ਦੀ ਹਾਲਤ ਬਹੁਤ ਨਾਜ਼ੁਕ ਸੀ, ਨੂੰ ਨਵਾਂ ਜੀਵਨ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਪ੍ਰਬੰਧਕਾਂ ਨੇ ਦੱਸਿਆ ਕਿ ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਦੇ ਇੰਟਰਨਲ ਮੈਡੀਸਨ ਵਿਭਾਗ ਦੇ ਮੁਖੀ ਡਾ: ਚਰਨਜੀਤ ਸਿੰਘ ਦੀ ਅਗਵਾਈ ਹੇਠ ਡਾਕਟਰਾਂ ਦੀ ਟੀਮ ਜਿਸ ਵਿੱਚ ਡਾ: ਪ੍ਰਦੀਪ ਕੰਸਲਟੰਟ ਮੈਡੀਸਨ ਅਤੇ ਡਾ: ਹਰਿੰਦਰ ਛਾਬੜਾ ਕੰਸਲਟੰਟ ਗੈਸਟਰੋਐਂਟਰੌਲੋਜੀ ਨੇ 26 ਸਾਲਾ ਗੁਰਪ੍ਰੀਤ ਸਿੰਘ ਜੋ ਕਿ 20 ਦਿਨਾਂ ਤੋਂ ਪੇਟ ਵਿੱਚ ਸੋਜ, ਲੱਤਾਂ ਵਿੱਚ ਸੋਜ, ਅੱਖਾਂ ਦਾ ਪੀਲਾ ਹੋਣਾ ਅਤੇ ਟੱਟੀ ਦਾ ਕਾਲਾ ਹੋਣ ਵਰਗੀਆਂ ਸਮੱਸਿਆਵਾਂ ਤੋਂ ਪੀੜਤ ਸੀ ਦਾ ਇਲਾਜ ਕੀਤਾ।

ਡਾ: ਚਰਨਜੀਤ ਸਿੰਘ ਨੇ ਕਿਹਾ ਕਿ ਮਰੀਜ਼ ਸ਼ਾਂਤ, ਸੁਚੇਤ ਅਤੇ ਸਮੇਂ ਸਥਾਨ ਅਤੇ ਵਿਅਕਤੀ ਤੋਂ ਜਾਣੂ ਸੀ। ਐਨਸੇਫੈਲੋਪੈਥੀ ਦੇ ਕੋਈ ਲੱਛਣ ਮੌਜੂਦ ਨਹੀਂ ਸਨ। ਹੋਰ ਜਾਂਚ ਤੋਂ ਪਤਾ ਲੱਗਾ ਕਿ ਪਰਪੁਰਾ ਬਾਹਾਂ ਅਤੇ ਖੱਬੀ ਕਮਰ ਦੇ ਖੇਤਰ ਵਿੱਚ ਮੌਜੂਦ ਸੀ, ਮਰੀਜ਼ ਦੇ ਸੱਜੇ ਹੱਥ ਵਿੱਚ ਸੋਜ ਦੇ ਨਾਲ—ਨਾਲ ਦਰਦ ਵੀ ਸੀ, ਉਪਰਲੇ ਅੰਗਾਂ ਦੇ ਐਕਸ—ਰੇਅ ਨੇ ਅਨਿਯਮਿਤ ਸੋਜ ਦਾ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਸਰਜਰੀ ਲਈ ਵੀ ਸਲਾਹ ਕੀਤੀ ਗਈ ਸੀ ਅਤੇ ਹੈਮੇਟੋਮਾ ਠੀਕ ਹੋ ਰਿਹਾ ਸੀ ਅਤੇ ਕਿਸੇ ਦਖਲ ਦੀ ਲੋੜ ਨਹੀਂ ਸੀ। "ਮਰੀਜ਼ ਦਾ ਅਲਕੋਹਲਿਕ ਲਿਵਰ ਡਿਜ਼ੀਜ਼, ਲਿਵਰ ਸਿਰੋਸਿਸ, ਡੀਕੰਪੈਂਸੇਟਿਡ ਪੋਰਟਲ ਹਾਈਪਰਟੈਨਸ਼ਨ, ਪੀਲੀਆ, ਈਸੋਫੇਗਲ ਵੈਰੀਸਿਸ ਦੇ ਅਧਾਰ ਤੇ ਇਲਾਜ ਕੀਤਾ ਗਿਆ ਸੀ। ਉਸ ਨੂੰ ਛੇ ਦਿਨਾਂ ਲਈ ਇੰਟਰਾਵੀਨਸ ਤਰੀਕੇ ਨਾਲ ਐਂਟੀਬਾਇਓਟਿਕਸ ਦਿੱਤੇ ਗਏ ਸਨ। ਉਸ ਨੂੰ ਪੈਕਡ ਲਾਲ ਰਕਤਾਣੂਆਂ (ਪੀ.ਆਰ.ਬੀ.ਸੀ) ਦੀਆਂ ਦੋ ਯੂਨਿਟਾਂ ਨਾਲ ਵੀ ਚੜ੍ਹਾਇਆ ਗਿਆ ਸੀ ਅਤੇ ਪ੍ਰਕਿਰਿਆ ਦੌਰਾਨ ਕੋਈ ਰੀਐਕਸ਼ਨ ਨਹੀਂ ਹੋਇਆ ਸੀ। ਇਹ ਕਹਿੰਦੇ ਹੋਏ ਕਿ ਮਰੀਜ਼ ਨੂੰ ਤਿੰਨ ਦਿਨਾਂ ਦੇ ਅੰਤਰਾਲ ਤੇ ਲੋੜੀਂਦੇ ਟੀਕੇ ਵੀ ਲਗਾਏ ਗਏ ਸਨ, ਡਾ ਚਰਨਜੀਤ ਸਿੰਘ ਨੇ ਦੱਸਿਆ ਕਿ ਮਰੀਜ਼ ਦੀ ਯੂ.ਜੀ.ਆਈ ਐਂਡੋਸਕੋਪੀ ਵੀ ਕੀਤੀ ਗਈ ਸੀ। "ਇਸ ਨੇ ਗ੍ਰੇਡ ਤਿੰਨ ਈਸੋਫੇਗਲ ਵੇਰਾਇਸਿਸ ਨਜ਼ਰ ਆਏ। ਅਰਸੀਐਸ ਅਤੇ ਈ.ਵੀ.ਐਲ ਨਾਲ ਤਿੰਨ ਕਾਲਮ ਕੀਤੇ ਗਏ। ਮਰੀਜ਼ ਨੂੰ ਹੁਣ ਓਰਲ ਐਂਟੀਬਾਇਓਟਿਕਸ ਤੇ ਪਾ ਦਿੱਤਾ ਗਿਆ ਹੈ। ਹਸਪਤਾਲ ਵਿੱਚ ਰਹਿਣ ਦੌਰਾਨ ਉਸਨੂੰ ਘੱਟ ਸੋਡੀਅਮ ਅਤੇ ਉੱਚ ਪ੍ਰੋਟੀਨ ਵਾਲੀ ਖੁਰਾਕ ਦਿੱਤੀ ਗਈ ਸੀ। ਹੁਣ ਉਸਦੀ ਹਾਲਤ ਬਿਹਤਰ ਹੈ ਅਤੇ ਉਸਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਮਰੀਜ਼ ਦੇ ਸਫਲ ਇਲਾਜ ਤੇ ਤਸੱਲੀ ਦਾ ਪ੍ਰਗਟਾਵਾ ਕਰਦੇ ਹੋਏ ਡਾ: ਅਮਨਦੀਪ ਕੌਰ, ਡਾਇਰੈਕਟਰ, ਅਮਨਦੀਪ ਹਸਪਤਾਲ ਅੰਮ੍ਰਿਤਸਰ ਅਤੇ ਡਾਇਰੈਕਟਰ ਸ੍ਰੀ ਗਗਨਦੀਪ ਸਿੰਘਲ, ਸੀਏ, ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਨੇ ਕਿਹਾ ਕਿ ਹਸਪਤਾਲ ਦਾ ਉਦੇਸ਼ ਸਾਰੇ ਮਰੀਜ਼ਾਂ ਨੂੰ ਵਿਸ਼ਵ—ਪੱਧਰੀ, ਲਾਗਤ—ਪ੍ਰਭਾਵਸ਼ਾਲੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ।

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਤਲਵੰਡੀ ਸਾਬੋ ਵੱਲੋਂ ਪਾਣੀ ਦੀ ਸੰਭਾਲ ਲਈ ਪਿੰਡਾਂ 'ਚ 'ਕੈਚ ਦੀ ਰੇਨ' ਮੁਹਿੰਮ ਸ਼ੁਰੂ



ਤਲਵੰਡੀ ਸਾਬੋ, 12 ਸਤੰਬਰ (ਗੁਰਜੰਟ ਸਿੰਘ ਨਥੇਹਾ)- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਤਲਵੰਡੀ ਸਾਬੋ ਦੇ ਸ਼ੋਸਲ ਸਟਾਫ ਵੱਲੋਂ ਮੀਂਹ ਦੇ ਪਾਣੀ ਦੀ ਸੰਭਾਲ ਲਈ ਬਲਾਕ ਤਲਵੰਡੀ ਸਾਬੋ ਦੇ ਵੱਖ-ਵੱਖ ਪਿੰਡਾਂ ਵਿੱਚ 'ਕੈਚ ਦੀ ਰੇਨ' ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਵਿਭਾਗ ਦੇ ਬਲਾਕ ਕੋਆਰਡੀਨੇਟਰ ਜਗਜੀਤ ਸਿੰਘ ਅਤੇ ਮੈਡਮ ਜੋਤੀ ਗੋਇਲ ਨੇ ਦੱਸਿਆ ਕਿ ਮਾਨਯੋਗ ਕਾਰਜਕਾਰੀ ਇੰਜੀਨੀਅਰ ਸ਼੍ਰੀ ਮਨਪ੍ਰੀਤ ਅਰਸ਼ੀ ਅਤੇ ਉਪ ਮੰਡਲ ਇੰਜੀਨੀਅਰ ਸ਼੍ਰੀ ਸੁਰਮੁੱਖ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਮੁਹਿੰਮ ਜੁਲਾਈ ਮਹੀਨੇ ਤੋਂ ਸ਼ੁਰੂ ਕੀਤੀ ਗਈ ਸੀ। ਉਹਨਾਂ ਨੇ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਤਹਿਤ ਆਂਗਣਵਾੜੀ ਵਰਕਰਾਂ, ਸਕੂਲਾਂ ਅਤੇ ਜੀਪੀਡਬਲਯੂਐੱਸਸੀ ਕਮੇਟੀਆਂ ਨੂੰ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਨਾਲ ਹੀ ਇਸ ਤੋਂ ਪਿਛਲੇ ਦਿਨਾਂ ਵਿੱਚ ਵਿਭਾਗ ਵੱਲੋਂ ਚਲਾਈ ਗਈ 'ਸਟੋਪ ਡਾਇਰੀਆ' ਮੁਹਿੰਮ ਤਹਿਤ ਬਲਾਕ ਤਲਵੰਡੀ ਸਾਬੋ ਦੇ ਵੱਖ-ਵੱਖ ਪਿੰਡਾਂ ਦੇ ਸਕੂਲਾਂ, ਡਿਸਪੈਂਸਰੀਆਂ ਅਤੇ ਘਰਾਂ ਦਾ ਐਫ.ਟੀ.ਕੇ. ਕਿੱਟਾਂ ਰਾਂਹੀ ਮੌਕੇ ਉੱਪਰ ਪਾਣੀ ਦਾ ਟੈਸਟ ਕੀਤਾ ਗਿਆ ਅਤੇ ਪਿੰਡ ਵਾਸੀਆਂ ਨੂੰ ਗੰਦੇ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ ਤਾਂ ਜੋ ਹਰ ਘਰ ਵਿੱਚ ਪੀਣ ਵਾਲਾ ਸਾਫ ਪਾਣੀ ਪਹੁੰਚ ਸਕੇ। ਇਸ ਮੁਹਿੰਮ ਤਹਿਤ ਲੋਕਾਂ ਨੂੰ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਅਤੇ ਘਰ-ਘਰ ਤੱਕ ਸਾਫ ਪਾਣੀ ਪਹੁੰਚਾਉਣ ਪ੍ਰਤੀ ਜਾਗਰੂਕ ਕੀਤਾ ਗਿਆ।

# ਸਦਾਵਰਤ ਪੰਚਾਇਤੀ ਵੱਲੋਂ 101 ਗਰੀਬ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ



ਫ਼ਿਰੋਜ਼ਪੁਰ, 12 ਸਤੰਬਰ (ਮਨੋਹਰ ਲਾਲ) :— ਸਦਾਵਰਤ ਪੰਚਾਇਤੀ ਜ਼ੋ ਕਿ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ 101 ਗਰੀਬ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤੇ ਸਦਾਵਰਤ ਪੰਚਾਇਤੀ ਦੇ ਅਹੁਦੇਦਾਰ ਸ੍ਰੀ ਪੀ.ਸੀ ਕੁਮਾਰ, ਔਮ ਪ੍ਰਕਾਸ਼, ਡੀ.ਕੇ ਬਜਾਜ, ਅਸ਼ਵਨੀ ਮੌਂਗਾ, ਮਦਨ ਲਾਲ ਚਾਵਲਾ, ਰੰਜਨੀਸ਼ ਕਪੂਰ ਸਾਬਕਾ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਵੀ ਹਾਜ਼ਰ ਸਨ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸਮੂਹ ਅਹੁਦੇਦਾਰਾਂ ਨੇ ਪ੍ਰਮਾਤਮਾ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਪ੍ਰਮਾਤਮਾ ਇਹ ਜ਼ੋ ਸਦਾਵਰਤ ਪੰਚਾਇਤੀ ਜ਼ੋ ਕਿ 1914 ਵਿਚ ਕੁਲ ਦਾਨੀ ਸਜਣਾਂ ਨੇ ਜਦੋਂ ਫ਼ਿਰੋਜ਼ਪੁਰ ਹੀ ਨਹੀਂ ਪੂਰੇ ਭਾਰਤ ਵਿਚ ਕਾਲ ਪਿਆ ਸੀ ਅਤੇ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਗਏ ਸੀ ਅਤੇ ਲੋਕਾਂ ਨੂੰ ਖਾਣ ਲਈ ਰੋਟੀ ਨਹੀਂ ਸੀ ਤਾਂ ਫ਼ਿਰੋਜ਼ਪੁਰ ਦੇ ਦਾਨੀ ਸੱਜਣ ਇਕੱਠੇ ਹੋ ਕੇ ਸਦਾਵਰਤ ਪੰਚਾਇਤੀ ਬਣਾਈ ਅਤੇ ਆਪਣੀਆਂ ਜਮੀਨਾਂ ਜਾਇਦਾਦਾਂ ਵੇਚ ਕੇ ਇਹ ਸੰਸਥਾ ਬਣਾਈ, ਜ਼ੋ ਕਿ ਹੁਣ ਤੱਕ ਚੱਲ ਰਹੀ ਹੈ ਅਤੇ ਫ਼ਿਰੋਜ਼ਪੁਰ ਵਿਚ ਸਭ ਤੋਂ ਪਹਿਲਾਂ ਸੰਸਥਾ ਹੈ, ਜ਼ੋ ਹਰ ਮਹੀਨੇ ਰਾਸ਼ਨ ਦੇਣ ਤੋਂ ਇਲਾਵਾ ਹਰ ਉਸ ਸਖਸ਼ ਦੀ ਮੱਦਦ ਕਰਦੀ ਹੈ, ਜ਼ੋ ਲੋੜਵੰਦ ਹੋਵੇ, ਜਿਵੇਂ ਲੋੜਵੰਦ ਪਰਿਵਾਰਾਂ ਨੂੰ ਦਵਾਈਆਂ, ਕਪੜੇ, ਗਰਮ ਸੂਟ ਤੋਂ ਇਲਾਵਾ ਹਰ ਤਰ੍ਹਾਂ ਦੀ ਮੱਦਦ ਕਰਦੀ ਆ ਰਹੀ ਹੈ, ਜਿਸ ਵਿਚ ਸਾਰੇ ਹੀ ਅਹੁਦੇਦਾਰ ਦਿਨ—ਰਾਤ ਮਿਹਨਤ ਕਰਦੇ ਹਨ, ਜਿਵੇਂ ਕਿ ਸ੍ਰੀ ਪੀ.ਸੀ ਕੁਮਾਰ ਜ਼ੋ ਕਿ 1981 ਤੋਂ ਲੋਕ ਸੇਵਾ ਕਰਦਾ ਆ ਰਿਹਾ ਹੈ, ਜ਼ੋ ਕਿ ਹਰ ਸਕੂਲ, ਹਸਪਤਾਲ ਅਤੇ ਹੋਰ ਥਾਵਾਂ ਤੋਂ ਸਭ ਤੋਂ ਪਹਿਲਾਂ ਪਹੁੰਚ ਕੇ ਹਰ ਜ਼ਰੂਰਤਮੰਦ ਦੀ ਸੇਵਾ ਕਰਦਾ ਹੈ, ਜ਼ੋ ਕਿ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪਹੁੰਚਦਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਵੀ ਹਰ ਤਰ੍ਹਾਂ ਦਾ ਸਹਿਯੋਗ ਦਿੰਦੇ ਹਨ, ਜਿਵੇਂ ਕਿ ਹੜ ਪੀੜਤਾਂ ਦੀ ਮੱਦਦ, ਕਰੋਨਾ ਨਾਲ ਵਿਚ ਘਰ—ਘਰ ਰਾਸ਼ਨ ਵੰਡਣ ਤੋਂ ਇਲਾਵਾ ਸਮਾਜ ਭਲਾਈ ਦੇ ਕੰਮਾਂ ਵਿਚ ਆਪਣਾ ਅਹਿਮ ਰੋਲ ਅਦਾ ਕਰਦੇ ਹਨ, ਅਸੀਂ ਪ੍ਰਮਾਤਮਾ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਕਿ ਉਹ ਸਦਾਵਰਤ ਪੰਚਾਇਤੀ ਦੇ ਅਹੁਦੇਦਾਰਾਂ ਨੂੰ ਲੰਮੀਆਂ ਉਮਰਾ ਬਖਸ਼ਣ ਤੇ ਜ਼ੋ ਉਹ ਇਸੇ ਤਰ੍ਹਾਂ ਹੀ ਸਮੁੱਚੀ ਮਾਨਵਤਾ ਦੀ ਸੇਵਾ ਅਤੇ ਲੋੜਵੰਦ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਮੱਦਦ ਕਰ ਸਕਣ।

# ਬਿਜਲੀ ਕਰਮਚਾਰੀਆਂ ਨੇ ਤੀਜੇ ਦਿਨ ਵੀ ਮੰਗਾਂ ਨੂੰ ਲੈ ਕੇ ਕੀਤਾ ਰੋਹ ਭਰਪੂਰ ਪ੍ਰਦਰਸ਼ਨ

### ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀਆਂ ਨਿਕਲੀਆਂ ਚੀਕਾਂ, ਸੇਵਾਦਾਰ ਤੇ ਕਲਰਕਾਂ ਦੇ ਹਵਾਲੇ ਕੀਤੇ ਬਿਜਲੀ ਘਰ



ਫ਼ਿਰੋਜ਼ਪੁਰ, 12 ਸਤੰਬਰ (ਮਨੋਹਰ ਲਾਲ) :— ਅੱਜ ਸਰਕਲ ਫਿਰੋਜ਼ਪੁਰ ਵਿਖੇ ਪੀ.ਐਸ.ਈ.ਬੀ ਇੰਪਲਾਈਜ਼ ਜੁਆਇੰਟ ਫੋਰਮ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਸੱਦੇ ਤੇ ਲਗਾਤਾਰ ਤੀਜੇ ਦਿਨ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਬਿਜਲੀ ਮੁਲਾਜ਼ਮ ਲਗਾਤਾਰ ਸੰਘਰਸ਼ ਦੇ ਰਾਹ ਤੇ ਹਨ ਅਤੇ ਅਪਣਾ ਰੋਸ ਪ੍ਰਦਰਸ਼ਨ ਕਰ ਰਹੇ ਹਨ। ਸਰਕਲ ਫਿਰੋਜ਼ਪੁਰ ਵਿੱਚ ਲੱਗੇ ਧਰਨੇ ਦੀ ਪ੍ਰਧਾਨਗੀ ਸਾਥੀ ਰਜੇਸ਼ ਦੇਵਗਨ ਨੇ ਕੀਤੀ। ਧਰਨੇ ਨੂੰ ਸੰਬੋਧਨ ਕਰਦੇ ਹੋਏ ਬੁਲਾਰਿਆਂ ਨੇ ਕਿਹਾ ਕਿ ਮੈਨੇਜਮੈਂਟ ਤੇ ਪੰਜਾਬ ਸਰਕਾਰ ਜ਼ਬਰਦਸਤੀ ਕਲਰਕ ਤੇ ਸੇਵਾਦਾਰ ਤੋਂ ਬਿਜਲੀ ਘਰਾਂ ਵਿੱਚ ਡਿਊਟੀ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਭੋਗਪੁਰ ਡਵੀਜ਼ਨ ਵਿੱਚ ਇੱਕ ਲਾਇਨਮੈਨ ਸਾਥੀ ਵੱਲੋਂ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਨ ਕਾਰਨ ਸਾਥੀ ਨੇ ਖੁਦਕਸ਼ੀ ਕਰ ਲਈ ਹੈ, ਜਥੇਬੰਦੀ ਮੰਗ ਕਰਦੀ ਹੈ ਉਸ ਸਾਥੀ ਨੂੰ ਸ਼ਹੀਦ ਦਾ ਦਰਜਾ ਦੇ ਕੇ ਇੱਕ ਕਰੋੜ ਦੀ ਰਾਸ਼ੀ ਦਿੱਤੀ ਜਾਵੇ। ਇਸ ਮੌਕੇ ਕੁਲਵੰਤ ਸਿੰਘ, ਸੁਭਾਸ਼ ਚੰਦਰ, ਗੁਰਦੇਵ ਸਿੰਘ, ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਸਰਕਲ ਪ੍ਰਧਾਨ ਜਗਤਾਰ ਸਿੰਘ, ਰਮਨਦੀਪ ਸਿੰਘ, ਅਮੋਲਕ ਸਿੰਘ, ਰਵੀ ਸ਼ਰਮਾ, ਤਰਲੋਚਨ ਸਿੰਘ, ਅਵਤਾਰ ਸਿੰਘ, ਰਜਿੰਦਰ ਸ਼ਰਮਾ, ਰੇਸ਼ਮ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਟਾਲ ਮਟੋਲ ਕਰਦੀ ਆ ਰਹੀ ਹੈ, ਜਿਸ ਦਾ ਬਿਜਲੀ ਮੁਲਾਜ਼ਮਾਂ ਵਿਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਅੜੀਅਲ ਰਵੱਈਏ ਕਾਰਨ ਬਿਜਲੀ ਮੁਲਾਜ਼ਮਾਂ ਨੇ ਸੰਘਰਸ਼ ਨੂੰ ਹੋਰ ਤੇਜ਼ ਕਰਦੇ ਹੋਏ 13 ਸਤੰਬਰ ਤੋਂ 17 ਸਤੰਬਰ ਤੱਕ ਸਮੂਹਿਕ ਛੁੱਟੀ ਤੇ ਜਾਣ ਦਾ ਫੈਸਲਾ ਕੀਤਾ ਹੈ, ਜਿਸ ਦੇ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪਾਵਰਾਮ ਦੀ ਮੈਨੇਜਮੈਂਟ ਦੀ ਹੋਵੇਗੀ। ਇਸ ਰੋਸ ਧਰਨੇ ਨੂੰ ਰਿਟਾਇਰੀ ਸਾਥੀ ਗੁਰਦਿੱਤ ਸਿੰਘ, ਸ਼ਾਮ ਸਿੰਘ, ਚੰਨਣ ਸਿੰਘ ਸੀ.ਐਚ.ਬੀ ਪ੍ਰਧਾਨ ਵਿਸ਼ਾਲ ਤੇਜੀ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਸੁਰਜੀਤ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਪੰਜਾਬ ਸਰਕਾਰ ਤੇ ਮੈਨੇਜਮੈਂਟ ਤੁਰੰਤ ਮੀਟਿੰਗ ਦੇ ਕੇ ਮੰਗਾਂ ਮਸਲੇ ਹੱਲ ਕਰੇ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਦੇ ਕਿਸੇ ਵੀ ਲੀਡਰ ਨੂੰ ਸਟੇਜ ਤੋਂ ਬੋਲਣ ਨਹੀਂ ਦਿੱਤਾ ਜਾਵੇਗਾ। ਧਰਨਾ ਦੇਣ ਤੋਂ ਬਾਅਦ ਸਾਰੇ ਬਿਜਲੀ ਕਾਮਿਆਂ ਨੇ ਫਿਰੋਜ਼ਪੁਰ ਛਾਉਣੀ ਵਿਚ ਰੋਸ ਮਾਰਚ ਕਰਕੇ ਸਰਕਾਰ ਨੂੰ ਸੰਘਰਸ ਨੂੰ ਤਿੱਖਾ ਕਰਨ ਦੀ ਚਿਤਾਵਨੀ ਦਿੱਤੀ।

### ਸਿਰਕੀਬੰਦ ਭਾਈਚਾਰੇ ਦੇ ਆਗੂਆਂ ਨੇ ਸਰਕਾਰ ਨੂੰ ਅਸਲੀ ਤੇ ਨਕਲੀ ਦੀ ਪਰਖ਼ ਕਰਨ ਦੀ ਗੱਲ ਕਹੀ

# ਸਿਰਕੀਬੰਦ ਧਾਰਮਿਕ ਆਗੂਆਂ ਦੀ ਹੋਈ ਹੰਗਾਮੀ ਮੀਟਿੰਗ



ਮੋਗਾ /ਕੋਟ ਈਸੇ ਖਾਂ 12 ਸਤੰਬਰ (ਸੁਖਮੰਦਰ ਸਿੰਘ ਸ਼ਾਤ) ਪੰਜਾਬ ਅੰਦਰ ਸਿੱਖੀ ਦੇ ਵੱਧ ਰਹੇ ਨਿਘਾਰ ਦੇ ਕਾਰਨ ਸਾਡੇ ਬੱਚੇ ਸਿੱਖੀ ਤੋਂ ਕੋਹਾ ਦੂਰ ਜਾ ਰਹੇ ਹਨ,ਉਹਨਾਂ ਨੂੰ ਕਿਸ ਤਰ੍ਹਾਂ ਮੁੜ ਤੇ ਸਿੱਖੀ ਵੱਲ ਮੋੜਿਆ ਜਾਵੇ,ਇਸ ਦੇ ਸਬੰਧ ਵਿੱਚ ਇਕ ਵਿਸ਼ੇਸ਼ ਮੀਟਿੰਗ ਸਿਰਕੀਬੰਦ ਭਾਈਚਾਰੇ ਦੇ ਆਗੂਆਂ ਭਾਈ ਸੋਹਣ ਸਿੰਘ



## ਸਬ ਟਾਈਟਲ,ਕਿਸੇ ਵੀ ਕੀਮਤ ਤੇ ਆਪਣੇ ਹੱਕਾਂ ਤੇ ਡਾਕਾ ਬਰਦਾਸ਼ਤ ਨਹੀਂ, ਭਾਈਚਾਰੇ ਦਾ ਸਾਥ ਹੋਵੇ ਇੱਕ ਮੰਚ 'ਤੇ ਇਕੱਠਾ

ਖਾਲਸਾ ਮੋਗੇ ਵਾਲੇ ਸ਼ਹਿਰੀ ਪ੍ਰਧਾਨ ਗੁਰਮਤਿ ਰਾਗੀ ਗ੍ਰੰਥੀ ਸਭਾ, ਭਾਈ ਬਲਵੀਰ ਸਿੰਘ ਪਾਂਧੀ ਪ੍ਰੈਸ ਸਕੱਤਰ ਗੁਰਮਤਿ ਰਾਗੀ ਗ੍ਰੰਥੀ ਸਭਾ ਮੋਗਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਕਈ ਧਾਰਮਿਕ ਮੁਦਿਆਂ ਦੇ ਉਤੇ ਭਾਈ ਲਖਵਿੰਦਰ ਸਿੰਘ ਸਰਪੰਚ ਫਿਰੋਜ਼ਪੁਰ, ਗੁਰਜੰਟ ਸਿੰਘ ਸਾਦਿਕ, ਸੁਖਵਿੰਦਰ ਸਿੰਘ ਸਫ਼ਰੀ, ਢਾਡੀ ਪ੍ਰਕਾਸ਼ ਸਿੰਘ ਬਹਿਕ ਫਤੂ, ਬਲਕਾਰ ਸਿੰਘ ਮਹਾਲਮ,ਰਾਗੀ ਹਰਨੇਕ ਸਿੰਘ,ਰਾਗੀ ਰਸ਼ਪਾਲ ਸਿੰਘ ਮੋਗਾ, ਮਨਜੀਤ ਸਿੰਘ ਮੋਗਾ, ਤੇਜਿੰਦਰ ਸਿੰਘ ਕੋਟਕਪੂਰਾ, ਸੁਖਮੰਦਰ ਸਿੰਘ ਸ਼ਾਂਤ ਮਹਾਲਮ,ਰਾਗੀ ਜਗੀਰ ਸਿੰਘ ਅਜਾਦ ਨੇ ਆਪਣੇ ਵਿਚਾਰ ਰੱਖੇ।

ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸਿਰਕੀਬੰਦ ਭਾਈਚਾਰੇ ਦੀ ਲੰਮੇਂ ਸਮੇਂ ਤੋਂ ਕਮਾਂਡ ਸੰਭਾਲਣ ਵਾਲੇ ਇੰਦਰ ਸਿੰਘ ਬਠਿੰਡਾ ਤੇ ਦਰਸ਼ਨ ਸਿੰਘ ਐਮ ਸੀ ਬਠਿੰਡਾ ਨੇ ਸਿਰਕੀਬੰਦ ਬਿਰਾਦਰੀ ਬਾਰੇ ਬਹੁਤ ਚਾਨਣਾ ਪਾਇਆ ਕਿ ਕਿਸ ਤਰਾਂ ਕਈ ਲੋਕਾਂ ਨੇ ਸਹੂਲਤਾਂ ਲੈਣ ਲਈ ਫਰਜ਼ੀ ਸਿਰਕੀਬੰਦ ਦੇ ਸਰਟੀਫਿਕੇਟ ਬਣਾ ਕੇ ਉਚ-ਪਦਵੀਆਂ ਹਾਸਲ ਕੀਤੀ ਹਨ ਤੇ ਜਿਹੜੇ ਹੱਕਦਾਰ ਸਨ ਇਹ ਲੈਣ ਦੇ ਉਹਨਾਂ ਨੂੰ ਇਹ ਸਹੂਲਤਾਂ ਨਾਂਮਾਤਰ ਮਿਲੀਆਂ ਹਨ। ਇਸ ਸਮੇਂ ਭਾਈ ਬਲਵੀਰ ਪਾਂਧੀ ਨੇ ਆਏ ਸਾਰੇ ਆਗੂਆਂ ਦਾ ਧੰਨਵਾਦ ਕੀਤਾ।ਇਸ ਮੌਕੇ ਤੇ ਹਿੰਮਤ ਕੋਟਕਪੂਰਾ, ਗੁਰਸੇਵਕ ਸਿੰਘ ਕੋਟਕਪੂਰਾ, ਸੁਖਚੈਨ ਸਿੰਘ ਦਾਤਾ, ਸੇਵਾ ਸਿੰਘ ਈਸੇ ਖਾਂ, ਬਾਜ ਸਿੰਘ ਕੋਟ ਈਸੇ ਖਾਂ, ਗੁਰਸਾਹਿਬ ਸਿੰਘ ਪਾਂਧੀ, ਪ੍ਰਤਾਪ ਸਿੰਘ ਸੰਤੋਖ ਸਿੰਘ ਮਾਲਮ, ਗੁਰਨਾਮ ਸਿੰਘ ਮਹਾਲਮ, ਸੁਖਦੇਵ ਸਿੰਘ ਕੋਟ ਈਸੇ ਖਾਂ, ਮਨਪ੍ਰੀਤ ਸਿੰਘ ਸਵਾਈਏ, ਗੁਰਮੀਤ ਸਿੰਘ ਕੋਟ ਈਸੇ ਖਾਂ, ਵਰਿਆਮ ਸਿੰਘ ਪਿਆਰਾ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਅਕਾਲ ਯੂਨੀਵਰਸਿਟੀ ਵਿਖੇ ਗ੍ਰੀਨ ਕੈਮਿਸਟਰੀ ਵਿਸ਼ੇ 'ਤੇ

# ਅੰਤਰਰਾਸ਼ਟਰੀ ਕਾਨਫਰੰਸ ਸਫਲਤਾ ਨਾਲ ਹੋਈ ਮੁਕੰਮਲ

**ਤਲਵੰਡੀ ਸਾਬੋ, 12 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਦੇ ਗ੍ਰੀਨ ਕੈਮਿਸਟਰੀ ਨੈਟਵਰਕ ਸੈਂਟਰ ਨੇ ਇਟਰਨਲ ਯੂਨੀਵਰਸਿਟੀ (ਬੜੂ ਸਾਹਿਬ, ਹਿਮਾਚਲ ਪ੍ਰਦੇਸ਼) ਨਾਲ ਸਾਂਝੇ ਤੌਰ 'ਤੇ ਪਿਛਲੇ ਸਾਲ ਦੇ ਯਤਨਾਂ ਦੀ ਨਿਰੰਤਰਤਾ ਵਿੱਚ 'ਸਮਕਾਲੀ ਤਰੱਕੀਆਂ' ਵਿਸ਼ੇ 'ਤੇ ਇੱਕ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਤਿੰਨ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦੇ ਆਯੋਜਨ ਵਿਚ ਗ੍ਰੀਨ ਕੈਮਿਸਟਰੀ ਨੈਟਵਰਕ ਸੈਂਟਰ, ਦਿੱਲੀ ਯੂਨੀਵਰਸਿਟੀ,ਨਵੀਂ




ਦਿੱਲੀ, ਭਾਰਤ ਅਤੇ ਇੰਡੀਅਨ ਕੈਮੀਕਲ ਸੁਸਾਇਟੀ, ਕਲਕੱਤਾ ਨੇ ਵਿਸ਼ੇਸ਼ ਸਹਿਯੋਗ ਦਿੱਤਾ।ਕਾਨਫਰੰਸ ਵਿਚ ਪਦਮਸ਼੍ਰੀ ਪ੍ਰੋ. ਜੀ.ਡੀ. ਯਾਦਵ, ਪ੍ਰੋ. ਬਿਮਲ ਕ੍ਰਿਸ਼ਨਾ ਬਾਨਿਕ (ਪ੍ਰੋਫ਼ੈਸਰ,ਪੀ.ਐਮ.ਐੱਫ.ਯੂ.,ਸਾਊਦੀ ਅਰਬ)ਅਤੇ ਪ੍ਰੋ. ਬਿੰਦ੍ਰਾਬਨ ਚੰਦਰ ਰਾਨੂ (ਪ੍ਰੋਫ਼ੈਸਰ, ਆਈ.ਏ.ਸੀ.ਐਸ., ਕੋਲਕਾਤਾ) ਨੇ ਮੁੱਖ ਭਾਸ਼ਣ ਦਿੱਤੇ। ਇਸ ਤੋਂ ਇਲਾਵਾ 35 ਨਾਮਵਰ ਵਿਗਿਆਨੀ ਜਿਵੇਂ, ਪ੍ਰੋ. ਅਸਿਤ ਕੇ. ਚੱਕਰਬਰ, ਪ੍ਰੋ. ਅਸਿਤ ਕੇ. ਆਈ.ਏ.ਸੀ.ਐਸ, ਕੋਲਕਾਤਾ; ਪ੍ਰੋ. ਅਨਿਲ ਕੇ. ਸਿੰਘ, ਆਈ.ਆਈ.ਟੀ. ਬੰਬੇ; ਪ੍ਰੋ. ਰਾਕੇਸ਼ ਕੇ. ਸ਼ਰਮਾ, ਜੀ.ਸੀ.ਐਨ.ਸੀ., ਦਿੱਲੀ ਯੂਨੀਵਰਸਿਟੀ, ਦਿੱਲੀ, ਪ੍ਰੋ. ਦਲੀਪ ਕੁਮਾਰ ਮੈਤੀ, ਕਲਕੱਤਾ ਯੂਨੀਵਰਸਿਟੀ, ਕੋਲਕਾਤਾ, ਪ੍ਰੋ. ਆਸ਼ੀਸ਼ ਰੰਜਨ ਦਾਸ, ਕਲਕੱਤਾ ਯੂਨੀਵਰਸਿਟੀ, ਕਲਕੱਤਾ, ਪ੍ਰੋ. ਦੀਵਾਨ ਐਸ. ਰਾਵਤ, ਵੀਸੀ, ਕੁਮਾਊਂ ਯੂਨੀਵਰਸਿਟੀ, ਨੈਨੀਤਾਲ, ਪ੍ਰੋ. ਸ਼੍ਰੀਕਾਂਤ ਬੀ. ਜੋਨਲਾਗੱਡਾ, ਯੂਕੇ ਜੈਡ ਐਨ ਡਰਬਨ, ਦੱਖਣੀ ਅਫਰੀਕਾ, ਕਮਲ ਕੇ ਕਪੂਰ, ਜੰਮੂ ਯੂਨੀਵਰਸਿਟੀ, ਜੰਮੂ ਦੇ ਪ੍ਰੋ. ਗੌਤਮ ਬ੍ਰਹਮਚਾਰੀ, ਵਿਸ਼ਵ-ਭਾਰਤੀ, ਪੱਛਮੀ ਬੰਗਾਲ; ਪ੍ਰੋ. ਬਾਸੁਦੇਵ ਬਾਸੂ, ਪੱਛਮੀ ਬੰਗਾਲ, ਪ੍ਰੋ. ਜਿਓਰਗੀ ਕੇਗਲੇਵਿਚ, ਬੁਡਾਪੇਸਟ ਯੂਨੀਵਰਸਿਟੀ, ਬੁਡਾਪੇਸਟ, ਹੰਗਰੀ, ਅਖਿਲੇਸ਼ ਕੇ ਵਰਮਾ, ਦਿੱਲੀ ਯੂਨੀਵਰਸਿਟੀ, ਦਿੱਲੀ, ਡਾ. ਦੀਪਕ ਸਾਲੁੰਕੇ, ਪੀ.ਯੂ, ਚੰਡੀਗੜ੍ਹ ਅਤੇ ਡਾ. ਕ੍ਰਿਸ਼ਨਾ ਸ਼ਰਮਾ, ਜੀ.ਸੀ.ਸੀ.ਈ, ਯੌਰਕ ਯੂਨੀਵਰਸਿਟੀ ਆਦਿ ਨੇ ਟਿਕਾਊ ਵਿਕਾਸ ਅਤੇ ਡਰੱਗ ਡਿਜ਼ਾਈਨ ਖੋਜ ਦੇ ਵਿਸ਼ਿਆਂ 'ਤੇ ਪੂਰੇ ਭਾਸ਼ਣ ਦਿੱਤੇ। 35 ਨਾਮਵਰ ਬੁਲਾਰਿਆਂ ਵਿੱਚੋਂ 6 ਬੁਲਾਰੇ ਵਿਦੇਸ਼ ਤੋਂ ਸਨ। ਇੱਕ ਆਨਲਾਈਨ ਇੰਟਰਐਕਟਿਵ ਸੈਸ਼ਨ ਵਿੱਚ, 'ਫਾਦਰ ਆਫ ਗ੍ਰੀਨ ਕੈਮਿਸਟਰੀ', ਪ੍ਰੋ. ਪਾਲ ਐਨਾਸਟਾਸ ਅਤੇ ਪ੍ਰੋ. ਜੌਹਨ ਸੀ. ਵਾਰਨਰ ਨੇ ਹਰਿਆਲੀ ਦੇ ਵੱਖ-ਵੱਖ ਪਹਿਲੂਆਂ ਅਤੇ ਗ੍ਰੀਨ ਕੈਮਿਸਟਰੀ ਦੇ ਮਹੱਤਵ ਬਾਰੇ ਵਿਸਥਾਰ ਨਾਲ ਦੱਸਿਆ। ਵੱਖ-ਵੱਖ ਵੱਕਾਰੀ ਸੰਸਥਾਵਾਂ ਦੇ ਨਾਮਵਰ ਵਿਗਿਆਨੀਆਂ ਦੀ ਪ੍ਰਧਾਨਗੀ ਹੇਠ 13 ਤਕਨੀਕੀ ਸੈਸ਼ਨ ਆਯੋਜਿਤ ਕੀਤੇ ਗਏ। ਇਸ ਕਾਨਫਰੰਸ ਵਿੱਚ ਕਈ ਫਾਰਮਾਸਿਊਟੀਕਲ ਕੰਪਨੀਆਂ ਜਿਵੇਂ ਕਿ ਸਨ ਫਾਰਮਾ, ਔਰੀਜੀਨ ਓਨਕੋਲੋਜੀ, ਸਿਪਲਾ ਆਦਿ ਦੇ ਵਿਗਿਆਨੀਆਂ ਨੇ ਭਾਗ ਲਿਆ ਅਤੇ ਭਾਗੀਦਾਰਾਂ ਨਾਲ ਗੱਲਬਾਤ ਕੀਤੀ। ਇਸ ਕਾਨਫਰੰਸ ਲਈ ਕੁੱਲ 342 ਭਾਗੀਦਾਰਾਂ ਨੂੰ ਰਜਿਸਟਰ ਕੀਤਾ ਅਤੇ ਸਮਾਨਾਂਤਰ ਸੈਸ਼ਨਾਂ ਰਾਹੀਂ ਪੋਸਟਰ ਜਾਂ ਮੌਖਿਕ ਪੇਸ਼ਕਾਰੀਆਂ ਰਾਹੀਂ ਆਪਣੇ ਖੋਜ ਨਤੀਜੇ ਪੇਸ਼ ਕੀਤੇ। ਇਸ ਦੌਰਾਨ ਵੱਖ-ਵੱਖ ਵਿਸ਼ਿਆਂ ਗ੍ਰੀਨ ਕੈਮਿਸਟਰੀ ਦੇ ਵੱਖ-ਵੱਖ ਪਹਿਲੂਆਂ ਬਾਰੇ ਦੱਸਿਆ। ਰਜਿਸਟਰਡ ਭਾਗੀਦਾਰਾਂ ਦੁਆਰਾ ਜਮ੍ਹਾ ਕੀਤੇ ਗਏ ਅਤੇ ਚੁਣੇ ਗਏ ਖੋਜ ਪੇਪਰ ਸਕੋਪਸ ਦੇ ਨਾਲ-ਨਾਲ ਈਐਸਸੀਆਈ ਵਿੱਚ ਸੂਚੀਬੱਧ ਕੀਤੇ ਮੌਜੂਦਾ ਗ੍ਰੀਨ ਕੈਮਿਸਟਰੀ ਜਰਨਲ ਦੇ ਇੱਕ ਵਿਸ਼ੇਸ਼ ਅੰਕ ਵਿੱਚ ਪ੍ਰਕਾਸ਼ਿਤ ਕੀਤੇ ਜਾਣਗੇ ਤੇ ਬੈਂਥਮ ਸਾਇੰਸ ਪਬਲਿਸ਼ਰ ਦੁਆਰਾ ਪ੍ਰਕਾਸ਼ਿਤ ਕੀਤੇ ਜਾਣਗੇ। 26 ਮਾਹਿਰਾਂ ਨੇ ਵੱਖ-ਵੱਖ ਮੌਖਿਕ ਅਤੇ ਪੋਸਟਰ ਪੇਸ਼ਕਾਰੀਆਂ ਦਾ ਮੁਲਾਂਕਣ ਕੀਤਾ ਅਤੇ ਹਰੇਕ ਸ਼੍ਰੇਣੀ ਵਿੱਚੋਂ ਸਰਬੋਤਮ ਤਿੰਨ ਪੇਸ਼ਕਾਰ ਚੁਣੇ ਅਤੇ ਉਨ੍ਹਾਂ ਨੂੰ ਡੀ ਗ੍ਰੂਟਰ ਪਬਲਿਸ਼ਰ, ਜਰਮਨੀ ਦੁਆਰਾ ਸਪਾਂਸਰ ਕੀਤੇ ਇਨਾਮ ਪ੍ਰਾਪਤ ਹੋਏ। ਕਾਨਫਰੰਸ ਦੇ ਉਦਘਾਟਨ ਮੌਕੇ 458 ਪੰਨਿਆਂ ਦਾ ਕਾਨਫਰੰਸ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਫ਼ਿਰੋਜ਼ਪੁਰ ਵਿਖੇ "ਸਾਰਾਗੜ੍ਹੀ ਜੰਗੀ ਯਾਦਗਾਰ" ਹੋਈ ਲੋਕ ਅਰਪਣ- ਡਾ. ਬਲਜੀਤ ਕੌਰ





**ਫ਼ਿਰੋਜ਼ਪੁਰ, 12 ਸਤੰਬਰ (ਸੁਖਮੰਦਰ ਸਿੰਘ ਸ਼ਾਤ)**-127 ਸਾਲ ਪਹਿਲਾਂ ਸਾਰਾਗੜ੍ਹੀ ਵਿਖੇ 21 ਸੂਰਬੀਰ ਸਿੰਘਾਂ ਵੱਲੋਂ ਦਿੱਤੀ ਗਈ ਸ਼ਹਾਦਤ ਨੂੰ ਪੰਜਾਬ ਸਰਕਾਰ ਨੇ ਜੀਵੰਤ ਕੀਤਾ ਹੈ, ਜਿਸ ਨਾਲ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਯੋਧੇ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਜਿੰਦਾ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਇਤਿਹਾਸਕ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਫ਼ਿਰੋਜ਼ਪੁਰ ਛਾਉਣੀ ਵਿਖੇ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀ ਯਾਦ ਵਿੱਚ ਬਣਾਏ ਗਏ "ਸਾਰਾਗੜ੍ਹੀ ਜੰਗੀ ਯਾਦਗਾਰ" ਦਾ ਲੋਕ ਅਰਪਣ ਕਰਨ ਮੌਕੇ ਕੀਤਾ। ਸ਼ਹੀਦਾਂ ਦੀ ਯਾਦ ਵਿੱਚ ਰੱਖੇ ਗਏ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਰਵੇਂ ਇਕੱਠ ਨੂੰ ਸੰਬੋਧਿਤ ਕਰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਰਾਜ ਦੇ ਵਸਨੀਕਾਂ ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਆਪਣੇ ਮਾਣਮੱਤੇ, ਇਤਿਹਾਸਕ ਤੇ ਗੌਰਵਮਈ ਵਿਰਸੇ ਨਾਲ ਜੋੜਨ ਲਈ ਵੱਡੇ ਪੱਧਰ 'ਤੇ ਕਾਰਜ ਕੀਤੇ ਜਾ ਰਹੇ ਹਨ। ਇਸ ਕਾਰਜ ਤਹਿਤ ਰਾਜ ਵਿੱਚ ਇਤਿਹਾਸਕ ਤੇ ਵਿਰਾਸਤੀ ਮਹੱਤਤਾ ਵਾਲੇ ਸਥਾਨਾਂ ਦਾ ਸਰਵਪੱਖੀ ਵਿਕਾਸ ਕੀਤਾ ਜਾ ਰਿਹਾ ਹੈ। ਇਸੇ ਲੜੀ 'ਚ ਫ਼ਿਰੋਜ਼ਪੁਰ ਵਿਖੇ ਭਾਰਤ ਵਿੱਚ ਸਾਰਾਗੜ੍ਹੀ ਦੀ ਲੜਾਈ ਨੂੰ ਸਮਰਪਿਤ ਪਹਿਲੀ ਯਾਦਗਾਰ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਯੂਨੇਸਕੋ (ਯੂਨਾਇਟਿਡ ਨੇਸ਼ਨਜ਼ ਐਜੂਕੇਸ਼ਨਲ ਸਾਇੰਟਿਫਿਕ ਐਂਡ ਕਲਚਰਲ ਆਰਗੇਨਾਇਜੇਸ਼ਨ) ਦੇ ਅਨੁਸਾਰ ਇਹ ਜੰਗ ਵਿਸ਼ਵ ਦੀਆਂ ਅੱਠ ਮਹੱਤਵਪੂਰਨ ਜੰਗਾਂ ਵਿੱਚੋਂ ਇੱਕ ਹੈ ਜਿਸ ਵਿੱਚ ਸ਼ਹੀਦ ਹੋਏ ਸਿਪਾਹੀਆਂ ਨੂੰ "ਇੰਡੀਅਨ ਆਰਡਰ ਆਫ ਮੈਰਿਟ" (ਸਰਵਉੱਚ ਤਗਮਾ) ਯਾਨਿ ਵਿਕਟੋਰੀਆ ਕਰਾਸ ਨਾਲ ਸਨਮਾਨਿਤ ਕੀਤਾ ਗਿਆ ਸੀ। ਨੌਜਵਾਨਾਂ ਨੂੰ ਸੰਬੋਧਿਤ ਹੁੰਦਿਆਂ ਉਨ੍ਹਾਂ ਕਿਹਾ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਬੇਮਸਾਲ ਸੂਰਬੀਰਤਾ ਅਤੇ ਸਾਹਸ ਦੀ ਯਾਦ ਦਵਾਉਂਦੀ ਰਹੇਗੀ। ਇਸ ਯਾਦਗਾਰ ਦੇ ਪਿਛੋਕੜ 'ਤੇ ਚਾਨਣਾ ਪਾਉਂਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਜੰਗੀ ਯਾਦਗਾਰ ਦਾ ਨੀਂਹ ਪੱਥਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ 12 ਸਤੰਬਰ, 2023 ਨੂੰ ਸਾਰਾਗੜ੍ਹੀ ਦਿਵਸ ਮੌਕੇ ਰੱਖਿਆ ਗਿਆ ਸੀ ਅਤੇ ਇਸ ਯਾਦਗਾਰ ਨੂੰ ਇਕ ਸਾਲ ਵਿਚ ਮੁਕੰਮਲ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ਼੍ਰੀ ਰਾਜੇਸ਼ ਧੀਮਾਨ ਦੀ ਅਗਵਾਈ ਵਿਚ ਜ਼ਿਲ੍ਹਾ ਪ੍ਰਸ਼ਾਸਨ ਦੀ ਸਮੁੱਚੀ ਟੀਮ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਕਰੀਬ 2 ਕਰੋੜ ਰੁਪਏ ਦੀ ਲਾਗਤ ਨਾਲ ਇਹ ਸਾਰਾਗੜ੍ਹੀ ਜੰਗੀ ਯਾਦਗਾਰ ਆਪਣੇ ਮਿੱਥੇ ਸਮੇਂ ਅੰਦਰ ਬਣ ਕੇ ਤਿਆਰ ਹੋ ਗਿਆ ਹੈ, ਜਿਸ ਵਿੱਚ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਵੱਲੋਂ ਵੀ 50 ਲੱਖ ਰੁਪਏ ਦਾ ਅਹਿਮ ਯੋਗਦਾਨ ਪਾਇਆ ਗਿਆ ਹੈ। ਇਹ ਭਾਰਤ ਵਿੱਚ ਸਾਰਾਗੜ੍ਹੀ ਜੰਗ ਨੂੰ ਚੇਤੇ ਕਰਵਾਉਣ ਵਾਲੀ ਅਜਿਹੀ ਯਾਦਗਾਰ ਹੈ ਜਿਸ ਨਾਲ ਕੇਵਲ ਸਿੱਖ ਕੌਮ ਹੀ ਨਹੀਂ ਬਲਕਿ ਸਾਰੇ ਦੇਸ਼ ਦੇ ਨੌਜਵਾਨ ਪ੍ਰੇਰਨਾ ਲੈਣਗੇ। ਉਨ੍ਹਾਂ ਕਿਹਾ ਕਿ ਇਸ ਜੰਗ ਵਿਚ ਸ਼ਹੀਦ ਹੋਣ ਵਾਲੇ ਸੈਨਿਕਾਂ ਵਿਚੋਂ ਜਿਆਦਾਤਰ ਫਿਰੋਜ਼ਪੁਰ ਨਾਲ ਸਬੰਧਿਤ ਸਨ। ਉਨ੍ਹਾਂ ਸੰਗਤਾਂ ਨੂੰ ਇਹ ਵੀ ਦੱਸਿਆ ਕਿ ਇਸ ਤੋਂ ਪਹਿਲਾਂ 2 ਕਰੋੜ ਰੁਪਏ ਦੀ ਲਾਗਤ ਨਾਲ ਗੁਰਦੁਆਰਾ ਸਾਰਾਗੜ੍ਹੀ ਵਿਖੇ ਇਸ ਜੰਗ ਨੂੰ ਸਮਰਪਿਤ ਅਜਾਇਬ ਘਰ ਵੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਅਜਾਇਬ ਘਰ ਵਿੱਚ ਸਾਰਾਗੜ੍ਹੀ ਜੰਗ ਦੇ ਸਮੇਂ ਵਰਤੇ ਜਾਣ ਸਿਗਨਲਿੰਗ ਤਕਨੀਕ ਦੇ ਆਰਕੀਫੈਕਟਸ, ਇਕਿਊਪਮੈਂਟ, ਕੋਡਿੰਗ, ਡਿਕੋਡਿੰਗ ਨੂੰ ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਉਸ ਸਮੇਂ ਯੁੱਧ ਵਿੱਚ ਵਰਤੇ ਗਏ ਹਥਿਆਰਾਂ ਨੂੰ ਵੀ ਦਿਖਾਇਆ ਗਿਆ ਹੈ ਅਤੇ ਵੀਡੀਓ ਰਾਹੀਂ ਵੀ ਇਸ ਇਤਿਹਾਸਕ ਜੰਗ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਜੋ ਕਿ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਹ ਜੰਗੀ ਯਾਦਗਾਰ 36 ਸਿੱਖ ਰੈਜੀਮੈਂਟ ਦੇ ਉਨ੍ਹਾਂ 21 ਸੂਰਬੀਰਾਂ ਦੀ ਅਣਖ, ਸਨਮਾਨ ਅਤੇ ਕੁਰਬਾਨੀ ਨੂੰ ਸਮਰਪਿਤ ਹੈ ਜਿਨ੍ਹਾ ਨੇ ਸਾਰਾਗੜ੍ਹੀ ਦੇ ਕਿਲ੍ਹੇ ਦੇ ਬਚਾਅ ਲਈ ਦਸ ਹਜ਼ਾਰ ਅਫਗਾਨੀ ਕਬਾਈਲੀਆਂ ਨਾਲ ਲੋਹਾ ਲਿਆ ਅਤੇ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋ ਗਏ ਪਰ ਪਿੱਠ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਸਾਰਾਗੜ੍ਹੀ ਜੰਗੀ ਯਾਦਗਾਰ ਦਾ ਸੰਕਲਪ ਸਮਾਨਾ, ਅਫਗਾਨਿਸਤਾਨ ਵਿਖੇ ਬਣੀ ਯਾਦਗਾਰ ਤੋਂ ਪ੍ਰੇਰਿਤ ਹੈ। ਸਮਾਨਾ, ਅਫਗਾਨਿਸਤਾਨ ਵਿਖੇ ਮੌਜੂਦਾ ਯਾਦਗਾਰ ਮੈਮੋਰੀਅਲ ਦੀ ਤਰਾਂ ਇਸ ਯਾਦਗਾਰ ਦੇ ਕੇਂਦਰ ਵਿੱਚ 31 ਫੁੱਟ ਉਚਾਈ ਵਾਲਾ ਟਾਵਰ 4 ਫੁੱਟ ਉੱਚੇ ਗੋਲਾਕਾਰ ਪਲੇਟਫਾਰਮ ਤੇ ਬਣਾਇਆ ਗਿਆ ਹੈ। ਇਸ ਮੈਮੋਰੀਅਲ 'ਤੇ ਸੁੰਦਰ ਲਾਈਟਾਂ ਲਗਾਈਆਂ ਗਈਆਂ ਹਨ ਜੋ ਕਿ ਮੈਮੋਰੀਅਲ ਨੂੰ ਰਾਤ ਦੇ ਸਮੇਂ ਹੋਰ ਵੀ ਆਕਰਸ਼ਕ ਦਿੱਖ ਪ੍ਰਦਾਨ ਕਰਨਗੀਆਂ। ਇਹ ਇਤਿਹਾਸਕ ਯਾਦਗਾਰ ਦੇਸ਼ -ਵਿਦੇਸ਼ ਦੇ ਸੈਲਾਨੀਆਂ ਲਈ ਅਲੌਕਿਕ ਖਿੱਚ ਦਾ ਕੇਂਦਰ ਹੋਵੇਗੀ । ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਯਤਨਾਂ ਸਦਕਾ ਸਾਰਾਗੜ੍ਹੀ ਵਾਰ ਦੇ ਨਾਇਕ ਹੌਲਦਾਰ ਸਰਦਾਰ ਈਸ਼ਰ ਸਿੰਘ ਦਾ 8 ਫੁੱਟ ਉੱਚਾ ਬੁੱਤ ਯਾਦਗਾਰ ਦੇ ਦਾਖਲੇ 'ਤੇ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਸ ਸਮੇਂ ਦੇ ਯੁੱਧ ਦੇ ਦ੍ਰਿਸ਼ ਨੂੰ ਦਰਸਾਉਂਦੇ ਹੋਏ 41 ਫੁੱਟ ਲੰਬੀ ਦੀਵਾਰ (ਮੂਰਲ ਵਾਲ) ਬਣਾਈ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਇਨ੍ਹਾਂ ਇਤਿਹਾਸਕ ਮਹੱਤਤਾ ਵਾਲੇ ਸਥਾਨਾਂ ਦੇ ਸਰਵਪੱਖੀ ਵਿਕਾਸ ਉਪਰੰਤ ਲੋਕ ਆਪਣੇ ਗੌਰਵਮਈ ਤੇ ਇਤਿਹਾਸਕ ਵਿਰਸੇ ਨਾਲ ਜੁੜਨਗੇ ਅਤੇ ਦੇਸ਼ ਵਿਦੇਸ਼ ਵਿੱਚੋਂ ਵੱਡੀ ਗਿਣਤੀ ਵਿੱਚ ਸੈਲਾਨੀ ਰਾਜ ਵਿੱਚ ਇਹ ਇਤਿਹਾਸਕ ਥਾਂਵਾ ਵੇਖਣ ਆਉਣਗੇ ਅਤੇ ਰਾਜ ਵਿੱਚ ਸੈਰ ਸਪਾਟੇ ਨੂੰ ਵਧਾਵਾ ਮਿਲੇਗਾ ਤੇ ਰਾਜ ਦੀ ਆਰਥਿਕ ਵਿਕਾਸ ਦੀ ਗਤੀ ਤੇਜ਼ ਹੋਵੇਗੀ। ਇਹ ਯਾਦਗਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਬਣੇਗੀ। ਸਮਾਗਮ ਦੌਰਾਨ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ, ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਸ਼੍ਰੀ ਰਜਨੀਸ਼ ਦਹੀਯਾ, ਐਮ.ਐਲ.ਏ. ਗੁਰੂਹਰਸਹਾਏ ਸ. ਫੌਜਾ ਸਿੰਘ ਸਰਾਰੀ, ਕਮਿਸ਼ਨਰ ਫ਼ਿਰੋਜ਼ਪੁਰ ਮੰਡਲ ਸ਼੍ਰੀ ਅਰੁਣ ਸੇਖੜੀ, ਮੇਜਰ ਜਨਰਲ ਯੋਗੀ ਸ਼ਿਓਰੈਨ ਜੀ.ਓ.ਸੀ.,ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ, ਐੱਸ.ਡੀ.ਐੱਮ ਹਰਕੰਵਲਜੀਤ ਸਿੰਘ, ਸਹਾਇਕ ਕਮਿਸ਼ਨ (ਜ) ਸੂਰਜ, ਬ੍ਰਿਗੇਡੀਅਰ ਬਿਕਰਮ ਡਿਪਟੀ ਜੀ.ਓ.ਸੀ., ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ. ਚੰਦ ਸਿੰਘ ਗਿੱਲ, ਸ. ਸ਼ਿਮੰਦਰ ਸਿੰਘ ਖਿੰਡਾ ਚੇਅਰਮੈਨ ਪੰਜਾਬ ਐਗਰੋ, ਜਗਦੇਵ ਸਿੰਘ ਬਾਮ ਚੇਅਰਮੈਨ ਕੋਆਪ੍ਰੇਟਿਵ ਬੈਂਕ, ਡਾ. ਮਲਕੀਤ ਸਿੰਘ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਡਿਪਟੀ ਡੀ.ਈ.ਓ ਡਾ. ਸਤਿੰਦਰ ਸਿੰਘ, ਸਕੱਤਰ ਰੈੱਡ ਕਰਾਸ ਅਸ਼ੋਕ ਬਹਿਲ ਅਤੇ ਡਾ. ਰਾਮੇਸ਼ਵਰ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਕਿੰਨੀ ਵਧੀਆ ਡਿਬੇਟ ਸੀ, ਪਰ ਕਿਉਂ ਨਹੀਂ ਦੇਖੀ ? ਕਿਉਂ ਨਹੀਂ ਸੁਣੀ ?

# ਹੈਰਿਸ ਨੇ ਆਪਣੀ ਮੁਸਕਰਾਹਟ ਨਾਲ ਟਰੰਪ ਵਿਰੁੱਧ ਕਈ ਗੋਲ ਕੀਤੇ

**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**



ਮੇਰਾ ਖਿਆਲ ਹੈ ਨਹੀਂ ਸੁਣੀ ਹੋਣੀ, ਨਹੀਂ ਵੇਖੀ ਹੋਣੀ,ਵੈਸੇ ਵੇਖਣ ਵਾਲੀ ਸੀ।ਦੁਖ ਹੁੰਦਾ ਕਿ ਥੋਡੀ ਦਿਲਚਸਪੀ ਹੋਰ ਗੱਲਾਂ ਵਿੱਚ ਤਾਂ ਹੈ ਪਰ ਰਾਜਨੀਤੀ ਵਿੱਚ ਨਹੀਂ ਜੋ ਹਿੰਦੁਸਤਾਨ ਤੋਂ ਬਾਹਰ ਵੀ ਕਿਤੇ ਵੱਸਦੀ ਹੈ ਅਤੇ ਜਿੱਥੇ ਸਾਡੀ ਤੇ ਤੁਹਾਡੀ ਕਿਸਮਤ ਦੇ ਫੈਸਲੇ ਹੁੰਦੇ ਹਨ।ਦਿਨ ਮੰਗਲਵਾਰ ਸੀ,ਪਰ ਆਪਣਾ ਇੱਥੇ ਬੁੱਧਵਾਰ ਸੀ ਜਦੋਂ ਦੁਨੀਆਂ ਦੇ ਸਭ ਤੋਂ ਵੱਧ ਤਾਕਤਵਰ,ਸਭ ਤੋਂ ਵੱਡੇ ਬਾਹੂਬਲੀ ਮੁਲਕ ਅਮਰੀਕਾ ਦੇ ਦੋ ਜਣਿਆਂ ਵਿੱਚ ਵੱਡੀ ਰਾਜਨੀਤਿਕ ਬਹਿਸ ਸੀ।ਬਹਿਸ ਕੀ ਸੀ ਦੋ ਦਿਲਾਂ ਵਿਚਕਾਰ ਜੰਗ ਸੀ। ਜਦੋਂ ਕਿਤੇ ਕਿਤੇ ਸਲੀਕੇ ਦਾ ਵੀ ਕਤਲ ਸੀ।ਇੱਕ ਪਾਸੇ ਟਰੰਪ ਸੀ ਜਿਸ ਨੂੰ ਹੰਕਾਰ ਵਰਗਾ ਮਾਣ ਹੈ ਕਿ ਗੋਰੀ ਚਮੜੀ ਵਾਲਿਆਂ ਨੂੰ ਹੀ ਦੁਨੀਆਂ ਉੱਤੇ ਰਾਜ ਕਰਨ ਦਾ ਹੱਕ ਮਿਲਿਆ ਹੋਇਆ ਹੈ।ਦੂਜੇ ਪਾਸੇ ਕਮਲਾ ਹੈਰਿਸ ਸੀ ਜਿਸ ਦੀ ਮਾਂ ਹਿੰਦੁਸਤਾਨੀ ਸੀ ਤੇ ਪਿਓ ਜਮਾਇਕਾ ਦਾ ਰਹਿਣ ਵਾਲਾ ਸੀ ਜੋ ਕਈ ਸਾਲ ਪਹਿਲਾਂ ਇਸ ਮੁਲਕ ਵਿੱਚ ਆ ਕੇ ਵਸ ਗਏ ਸਨ।ਵੈਸੇ ਜੇ ਸੱਚ ਪੁੱਛੋ ਤਾਂ ਸਾਰਾ ਅਮਰੀਕਾ ਬਾਹਰਲਿਆਂ ਨੇ ਹੀ ਤਾਂ ਵਸਾਇਆ ਹੋਇਆ ਹੈ ਅਤੇ ਇਥੋਂ ਦੇ ਅਸਲ ਬਾਸ਼ਿੰਦੇ ਤਾਂ ਤੁਹਾਨੂੰ ਹੁਣ ਕਿਤੇ ਕਿਤੇ ਹੀ ਮਿਲਦੇ ਹਨ।ਆਪਣੇ ਪੰਜਾਬ ਵਾਲੇ ਵੀ ਹੁਣ ਇਸ ਮੁਲਕ ਵਿੱਚ ਧੁੰਮਾਂ ਪਾ ਰਹੇ ਹਨ ।

> ☛ "ਦੋ ਦਿਲਾਂ ਦੀ ਜੰਗ" ਵਿੱਚ ਫਿਲਹਾਲ ਹੈਰਿਸ ਦਾ ਹੱਥ ਉੱਤੇ ☛ 28 ਕਰੋੜ ਦੇ ਫਾਲੋਅਰਜ਼ ਵਾਲੀ ਪਾਪ ਸਟਾਰ ਟੇਲਰ ਸਵਿਫਟ ਵੀ ਹੈਰਿਸ ਦੇ ਹੱਕ ਵਿੱਚ।

ਦੋਸਤੋ, ਅਮਰੀਕਾ ਦੇ ਲੋਕਾਂ ਨੇ ਨਵੰਬਰ ਵਿੱਚ ਫੈਸਲਾ ਕਰਨਾ ਹੈ ਕਿ ਉਹ ਟਰੰਪ ਵੱਲ ਹਨ ਜਾਂ ਹੈਰਿਸ ਵੱਲ। ਦੋਸਤੋ ,ਕੀ ਅੰਤਿਮ ਫੈਸਲਾ ਡਿਬੇਟ ਹੀ ਕਰਦੀ ਹੈ ? ਅਮਰੀਕਾ ਵਾਲਿਆਂ ਨੇ ਦਿਲਚਸਪ ਤੇ ਗੁੰਝਲਦਾਰ ਇਸ ਸਵਾਲ ਦਾ ਜਵਾਬ ਇਤਿਹਾਸ ਵਿੱਚ ਕਦੇ ਹਾਂ ਵਿੱਚ ਤੇ ਕਦੇ ਨਾਂਹ ਵਿੱਚ ਵੀ ਦਿੱਤਾ ਹੈ।ਬੁੱਧਵਾਰ ਵਾਲੀ ਬਹਿਸ ਨੇ ਇਸ ਸਵਾਲ ਦਾ ਜਵਾਬ ਦੇਣਾ ਹੈ ਕਿ ਟਰੰਪ ਇਸ ਸੰਸਾਰ ਨੂੰ ਕਿਵੇਂ ਵੇਖਦਾ ਹੈ ? ਅਤੇ ਕੀ ਹੈਰਿਸ ਉਵੇਂ ਹੀ ਵੇਖਦੀ ਹੈ ਜਿਵੇਂ ਟਰੰਪ ਦੇਖਦਾ ਹੈ ?ਨਹੀਂ, ਇਸ ਡਿਬੇਟ ਵਿੱਚ ਦੋ ਵਿਚਾਰਾਂ ਦਾ ਜ਼ਬਰਦਸਤ ਭੇੜ ਸੀ।ਪਰ ਕਈ ਵਾਰ ਹਾਰ ਜਿੱਤ ਇਸ ਗੱਲ ਉੱਤੇ ਵੀ ਨਿਰਭਰ ਨਹੀਂ ਕਰਦੀ ਕਿ ਤੁਹਾਡੀ ਦਲੀਲ ਕਿੰਨੀ ਵਜ਼ਨਦਾਰ ਹੈ ਜਾਂ ਤੁਹਾਡੇ ਤਰਕ ਵਿੱਚ ਕਿੰਨੀ ਕੁ ਸੰਜੀਦਗੀ ਤੇ ਇਮਾਨਦਾਰੀ ਹੈ।ਕਈ ਵਾਰ ਹਾਰ ਜਿੱਤ ਇਸ ਹਕੀਕਤ ਉੱਤੇ ਵੀ ਜਾ ਖਲੋਂਦੀ ਹੈ ਕਿ ਤੁਹਾਡੀ ਗੱਲ ਕਹਿਣ ਦਾ ਅੰਦਾਜ਼ ਕਿਵੇਂ ਹੈ ? ਤੁਸੀਂ ਆਪਣੇ ਪੱਖ ਨੂੰ ਪੇਸ਼ ਕਿਵੇਂ ਕਰਦੇ ਹੋ ?ਜਦੋਂ ਦਲੀਲ ਅਤੇ ਅੰਦਾਜ਼ੇ-ਬਿਆਨ ਦੋਵੇਂ ਰਲ ਜਾਣ ਤਾਂ ਚਮਤਕਾਰ ਵਾਪਰ ਸਕਦੇ ਹਨ।ਬੁੱਧਵਾਰ ਵਾਲੇ ਦਿਨ ਇਉਂ ਹੀ ਹੋਇਆ ਸੀ। ਹੈਰਿਸ ਇਸ ਖੇਡ ਵਿੱਚ ਇੱਕ ਨਹੀਂ ਕਈ ਗੋਲ ਕਰਨ ਵਿੱਚ ਕਾਮਯਾਬ ਰਹੀ। ਪਹਿਲਾਂ ਤਾਂ ਉਸਨੇ ਡਿਬੇਟ ਸ਼ੁਰੂ ਹੋਣ ਤੋਂ ਪਹਿਲਾਂ ਅੱਗੇ ਵਧ ਕੇ ਟਰੰਪ ਨਾਲ ਹੱਥ ਮਿਲਾਇਆ ਜਿਸ ਦੀ ਟਰੰਪ ਨੂੰ ਉਮੀਦ ਨਹੀਂ ਸੀ।ਉਸਨੇ ਹੱਥ ਮਿਲਾਉਂਦਿਆਂ ਹੋਇਆ ਆਖਿਆ: ਅੱਜ ਹੋਵੇਗੀ ਚੰਗੀ ਬਹਿਸ ! ਦੋਸਤੋ,ਟਰੰਪ ਸੜੀਅਲ ਜਿਹਾ ਲੱਗਦਾ ਸੀ ਜਿਵੇਂ ਪਹਿਲਾਂ ਹੀ ਰੁਸ ਕੇ ਆਇਆ ਹੋਵੇ ਪਰ ਹੈਰਿਸ ਦੇ ਚਿਹਰੇ ਉੱਤੇ ਸਵੈਭਰੋਸਾ ਡੁੱਲ ਡੁੱਲ ਪੈਂਦਾ ਸੀ। ਟਰੰਪ ਦੀਆਂ ਅਣਗਿਣਤ ਰੈਲੀਆਂ ਨੂੰ ਸੁਣਨ ਅਤੇ ਦੇਖਣ ਵਾਲਿਆਂ ਦਾ ਫੈਸਲਾ ਹੈ ਕਿ ਦੁਸ਼ਮਣ ਨੂੰ ਕਿਵੇਂ ਹਰਾਉਣਾ ਹੈ,ਕਿੱਥੇ ਸੱਟ ਮਾਰਨੀ ਹੈ, ਕਿੱਥੇ ਨਿਸਲ ਕਰਨਾ ਹੈ,ਕਿੱਥੇ ਨਿਰਉਤਰ ਕਰਨਾ ਹੈ ਕਿ ਜਵਾਬ ਲੱਭਣ ਲਈ ਤਰਸਦਾ ਫਿਰੇ- ਟਰੰਪ ਦੇ ਉਸ ਹੁਨਰ ਦਾ ਕੋਈ ਜਵਾਬ ਨਹੀਂ ਹੈ।ਪਰ ਹੈਰਿਸ ਦੀ ਟੀਮ ਨੇ ਉਸ ਦੇ ਸਾਰੇ ਦਾਅ ਵੇਖ ਕੇ,ਪਰਖ ਕੇ ਪਹਿਲਾਂ ਹੀ ਚੰਗਾ ਵਿਸ਼ਲੇਸ਼ਣ ਕੀਤਾ ਹੋਇਆ ਸੀ ਅਤੇ ਉਹ ਡਿਬੇਟ ਵਿੱਚ ਪੂਰੇ ਕੰਮ ਆਏ। ਟਰੰਪ ਨੇ ਸਾਰੀ ਬਹਿਸ ਵਿੱਚ ਇੱਕ ਵਾਰ ਵੀ ਹੈਰਿਸ ਵੱਲ ਨਹੀਂ ਝਾਕਿਆ ਜਦਕਿ ਹੈਰਿਸ ਨੇ ਟਰੰਪ ਦੀਆਂ ਦਲੀਲਾਂ ਦਾ ਜਵਾਬ ਆਪਣੀ ਮੁਸਕਰਾਹਟ ਵਿੱਚ ਵੀ ਦਿੱਤਾ ਤੇ ਸਮੇਂ ਸਮੇਂ ਕਿੰਨਾ ਕਿੰਨਾ ਚਿਰ ਉਸ ਵੱਲ ਝਾਕਦੀ ਰਹੀ।ਮਨੋ ਵਿਗਿਆਨੀਆਂ ਨੇ ਮੁਸਕਰਾਹਟ ਨਾਲ ਲੱਦੀ ਇਸ ਤੱਕਣੀ ਦੀ ਵਨਸਵੰਨੀ ਵਿਆਖਿਆ ਲਈ ਕਾਫੀ ਜ਼ੋਰ ਲਾਇਆ ਹੈ ਅਤੇ ਕਿਹਾ ਜਾਂਦਾ ਹੈ ਕਿ ਉਸਦੀ ਜਿੱਤ ਵਿੱਚ ਇਸ ਤੱਕਣੀ ਦਾ ਵੱਡਾ ਰੋਲ ਸੀ।

ਟਰੰਪ ਜਿਵੇਂ ਤੁਹਾਨੂੰ ਪਤਾ ਹੀ ਹੈ ਕਿ ਹਰ ਵੇਲੇ ਆਪਣੀ ਪਿੱਠ ਆਪ ਹੀ ਥਾਪੜਦਾ ਰਹਿੰਦਾ ਹੈ ਅਤੇ ਮਾਣ ਕਰਦਾ ਹੈ ਕਿ ਉਸ ਦੀਆਂ ਰੈਲੀਆਂ ਵਿੱਚ ਵੱਡੀ ਭੀੜ ਹੁੰਦੀ ਹੈ।ਪਰ ਹੈਰਿਸ ਕਹਿੰਦੀ ਹੈ:ਮੈਨੂੰ ਪਤਾ,ਤੇਰੀਆਂ ਰੈਲੀਆਂ ਵਿੱਚ ਤੇਰਾ ਭਾਸ਼ਣ ਖਤਮ ਹੋਣ ਤੋਂ ਕਿੰਨਾ ਚਿਰ ਪਹਿਲਾਂ ਹੀ ਲੋਕ ਅੱਕ ਥੱਕ ਕੇ ਬਾਹਰ ਨਿਕਲ ਜਾਂਦੇ ਹਨ।ਟਰੰਪ ਆਪਣੇ ਆਪ ਨੂੰ ਮੁਲਕ ਦਾ ਸਭ ਤੋਂ ਵੱਡਾ ਤੇ ਬਲਵਾਨ ਰਖਵਾਲਾ ਦੱਸਦਾ ਹੈ ਪਰ ਹੈਰਿਸ ਕਹਿੰਦੀ ਹੈ ਕਿ ਜਾ ਪਰੇ,ਤੇਰੇ ਵਰਗਾ ਕਮਜ਼ੋਰ ਬੰਦਾ ਕਿੱਥੋਂ ਮਿਲਣਾ। ਜਿਹੜੇ ਫੌਜੀ ਅਫਸਰ ਤੇਰੇ ਨਾਲ ਕੰਮ ਕਰਦੇ ਰਹੇ ਸਨ,ਉਹ ਮੈਨੂੰ ਕਹਿੰਦੇ ਸਨ ਕਿ ਤੂੰ ਤਾਂ ਇੱਕ ਤਰ੍ਹਾਂ ਕਲੰਕ ਹੈ। ਬਹਿਸ ਕਈ ਵਾਰ ਨਿੱਜੀ ਹਮਲਿਆਂ ਉੱਤੇ ਵੀ ਉੱਤਰ ਆਉਂਦੀ ਸੀ।ਟਰੰਪ ਕਹਿੰਦਾ:ਤੂੰ ਮਾਰਕਸਵਾਦੀ ਹੈ। ਤੇਰਾ ਪਿਓ ਵੀ ਮਾਰਕਸਵਾਦੀ ਸੀ ਜਿਸ ਨੇ ਤੈਨੂੰ ਕਾਫੀ ਕੁਝ ਸਿਖਾਇਆ ਹੈ।ਪਰ ਹੈਰਿਸ ਨੇ ਉਸ ਵੱਲ ਨਫਰਤ ਭਰੀ ਨਿਗਾਹ ਨਾਲ ਹੀ ਵੇਖਿਆ ਅਤੇ ਨਜ਼ਰਅੰਦਾਜ਼ ਕਰ ਦਿੱਤਾ। ਕਈ ਵਾਰ ਉਹ ਆਪਣੀ ਤੱਕਣੀ ਵਿੱਚ ਵੀ ਬਹੁਤ ਕੁਝ ਕਹਿ ਜਾਂਦੀ ਰਹੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਜਦੋਂ ਹੈਰਸ ਨੇ ਉਸ ਨਾਲ ਹੱਥ ਮਿਲਾਇਆ ਤਾਂ ਉਸਨੇ ਜਿਨਾਂ ਲਫਜ਼ਾਂ ਦੀ ਵਰਤੋਂ ਕੀਤੀ ਉਹ ਇਹ ਸਨ:you are gonna shake my hand dammit ।ਦੋਸਤੋ,ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਇਸ ਸਤਰ ਦੇ ਅਸਲ ਅਰਥ ਕੀ ਹਨ।ਪਰ ਡਿਕਸ਼ਨਰੀ ਵਿੱਚ ਕਈ ਅਰਥ ਸਨ,ਲੇਕਿਨ ਇਕ ਅਰਥ ਮੈਨੂੰ ਸਮੇਂ ਮੁਤਾਬਿਕ ਸਭ ਤੋਂ ਢੁਕਵੇਂ ਲੱਗੇ:ਆ,ਮਿਲਾ ਮੇਰੇ ਨਾਲ ਹੱਥ,ਤੇਰਾ ਅਗਲਾ ਸਫਰ ਮੁਸ਼ਿਕਲਾਂ ਭਰਿਆ ਹੈ। ਸੋਸ਼ਲ ਮੀਡੀਏ ਉੱਤੇ ਤਰਥਲੀ ਮਚਾਉਣ ਵਾਲੇ ਪ੍ਰਸਿੱਧ ਐਡਮ ਸਮਿਥ ਨੇ ਇਹੋ ਸਤਰ ਜਦੋਂ 'ਐਕਸ' 'ਤੇ ਪੋਸਟ ਕੀਤੀ ਤਾਂ 68 ਹਜ਼ਾਰ ਲਾਈਕ ਮਿਲੇ। ਨਾਰਥ ਕੈਰੋਲੀਨਾ ਦੇ ਇਕ ਪ੍ਰੋਫੈਸਰ ਨੇ ਇਸ ਮੌਕੇ ਉੱਤੇ ਸੋਸ਼ਲ ਮੀਡੀਏ ਦੀ ਦਿਲਚਸਪ ਪਰਿਭਾਸ਼ਾ ਨਾਲ ਸਾਨੂੰ ਨਿਹਾਲੋ ਨਿਹਾਲ ਕੀਤਾ ਹੈ।ਉਹ ਕਹਿੰਦਾ ਹੈ: ਸੋਸ਼ਲ ਮੀਡੀਆ ਦੋਵੇਂ ਕੰਮ ਕਰਦਾ ਹੈ ਕਿ ਲੋਕ ਸੋਚਦੇ ਕੀ ਹਨ ਤੇ ਉਹਨਾਂ ਦੀ ਸੋਚ ਨੂੰ ਨੁਹਾਰ,ਅਰਥ ਤੇ ਚਿਹਰਾ ਕਿਸ ਤਰ੍ਹਾਂ ਦਾ ਦੇਣਾ ਹੈ ।ਪਾਪ ਸਟਾਰ ਟੇਲਰ ਸਵਿਫਟ ਵੀ ਛਾਲ ਮਾਰ ਕੇ ਹੈਰਿਸ ਦੇ ਹੱਕ ਵਿੱਚ ਉੱਤਰ ਆਈ ਹੈ। ਹੈਰਾਨ ਹੋਵੋਗੇ ਕਿ ਇਸ ਬੀਬੀ ਦੇ ਦੁਨੀਆ ਭਰ ਵਿੱਚ 28 ਕਰੋੜ 30 ਲੱਖ ਫਾਲੋਅਰਜ਼ ਹਨ।ਉਸਨੇ ਆਪਣੀ ਪੋਸਟ 'ਤੇ "ਚਾਈਲਡਲੈਸ ਕੈਟ ਲੇਡੀ" ਦਾ ਸਿਰਲੇਖ ਦਿੱਤਾ।ਭਲਾ ਇਸ ਦਾ ਕੀ ਮਤਲਬ ਹੈ ?ਤੁਹਾਡੇ ਪੱਤਰਕਾਰ ਨੇ ਕਈ ਡਿਕਸ਼ਨਰੀਆਂ ਨਾਲ ਮੱਥਾ ਮਾਰਿਆ ਤੇ ਉਥੇ ਵੀ ਵੱਖ-ਵੱਖ ਅਰਥ ਹੀ ਮਿਲੇ। ਇਸ ਟਰਮ ਦਾ ਜਨਮ ਵੀ ਮਧ ਯੁਗ ਵਿੱਚ ਕਿਤੇ ਹੋਇਆ ਜਦੋਂ ਭੂਤ ਪ੍ਰੇਤਾਂ ਨਾਲ ਚੰਬੜੀ ਔਰਤ ਨੂੰ ਜਿਉਂਦੀ ਹੀ ਸਾੜ ਦਿੱਤਾ ਜਾਂਦਾ ਸੀ ਅਤੇ ਬਿਲੀ ਨਾਲ ਤੁਲਨਾ ਦੇ ਕੇ ਉਸਨੂੰ ਨਹਿਸ਼ ਸਮਝਿਆ ਜਾਂਦਾ ਸੀ। ਆਪਣੇ ਵੀ ਇੱਥੇ ਕਈ ਵਾਰ ਬਿੱਲੀ ਨੂੰ ਨਹਿਸ਼ ਸਮਝਦੇ ਹਨ।ਟਰੰਪ ਦਾ ਦੂਜਾ ਸਾਥੀ ਜਿਹੜਾ ਉਪ ਰਾਸ਼ਟਰਪਤੀ ਲਈ ਮੁਕਾਬਲੇ ਵਿੱਚ ਹੈ,ਉਸ ਨੇ ਹੀ ਇਕ ਰੈਲੀ ਵਿੱਚ ਇਹ ਟਰਮ ਦਰਅਸਲ ਹੈਰਿਸ ਲਈ ਹੀ ਵਰਤੀ ਸੀ।ਅੱਗੋਂ ਤੁਸੀਂ ਆਪ ਸਮਝ ਲਓ ਕਿ ਇਸ ਦਾ ਅਸਲ ਮਤਲਬ ਕੀ ਹੋ ਸਕਦਾ ਹੈ।ਪਰ ਉਸਦੀ ਇਸ ਟਿੱਪਣੀ ਨਾਲ ਨੌਜਵਾਨ ਕੁੜੀਆਂ ਟਰੰਪ ਦੇ ਵਿਰੁੱਧ ਹੋ ਗਈਆਂ ਹਨ।

ਇਸ ਡਿਬੇਟ ਬਾਰੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਕਰਨ ਨੂੰ ਦਿਲ ਕਰਦਾ ਸੀ,ਪਰ ਚੁਣ ਚੁਣ ਕੇ ਹੀ ਕੁਝ ਗੱਲਾਂ ਤੁਹਾਨੂੰ ਥਾਲੀ ਵਿੱਚ ਪਰੋਸ ਕੇ ਭੇਂਟ ਕੀਤੀਆਂ ਹਨ।ਚੰਗੀਆਂ ਮੰਦੀਆਂ ਲੱਗੀਆਂ ਹੋਣ ਤਾਂ ਸ਼ਬਦਾਂ ਵਿੱਚ ਕੁਝ ਨਾ ਕੁਝ ਜ਼ਰੂਰ ਬੋਲਿਓ। ਉਡੀਕ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

### ਫ਼ਿਰੋਜ਼ਪੁਰ ਵਿੱਚ ਕੀਤੇ ਗਏ ਸਾਰਾਗੜ੍ਹੀ ਯਾਦਗਾਰ ਦੇ ਉਦਘਾਟਨ ਦਾ

# ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕੀਤਾ ਮਾਣ ਦਾ ਪ੍ਰਗਟਾਵਾ

ਨਵੀਂ ਦਿੱਲੀ 12 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):- ਰਾਜ ਸਭਾ ਮੈਂਬਰ ਡਾ: ਵਿਕਰਮਜੀਤ ਸਿੰਘ ਸਾਹਨੀ ਨੇ ਫ਼ਿਰੋਜ਼ਪੁਰ ਵਿਖੇ ਸਾਰਾਗੜ੍ਹੀ ਯਾਦਗਾਰ ਦੇ ਉਦਘਾਟਨ 'ਤੇ ਡੂੰਘੀ ਤਸੱਲੀ ਅਤੇ ਮਾਣ ਦਾ ਪ੍ਰਗਟਾਵਾ ਕੀਤਾ ਹੈ, ਜਿਸ ਦਾ ਉਦਘਾਟਨ ਕੈਬਨਿਟ ਮੰਤਰੀ ਡਾ: ਬਲਜੀਤ ਕੌਰ ਨੇ ਕੀਤਾ ਹੈ। ਵਰਨਣਯੋਗ ਹੈ ਕਿ ਡਾ: ਸਾਹਨੀ ਨੇ ਇਸ ਪ੍ਰਾਜੈਕਟ ਲਈ 50 ਲੱਖ ਰੁਪਏ ਦਾਨ ਕੀਤੇ ਸਨ।

ਡਾ: ਸਾਹਨੀ ਨੇ ਕਿਹਾ ਕਿ ਸਾਰਾਗੜ੍ਹੀ ਦੀ ਲੜਾਈ ਬਹਾਦਰੀ, ਜੋਸ਼ ਅਤੇ ਕੁਰਬਾਨੀ ਦਾ ਸਦੀਵੀ ਪ੍ਰਤੀਕ ਹੈ, ਜੋ ਦੇਸ਼ ਭਗਤੀ ਅਤੇ ਦਲੇਰੀ ਦੀ ਭਾਵਨਾ ਪੈਦਾ ਕਰਦੀ ਹੈ। ਉਹਨਾ ਸਰਕਾਰ ਤੋਂ ਮੰਗ ਕੀਤੀ ਕਿ ਸਕੂਲ ਦੀਆਂ ਪਾਠ ਪੁਸਤਕਾਂ ਵਿਚ ਸਾਰਾਗੜ੍ਹੀ ਦੀ ਲੜਾਈ ਬਾਰੇ ਇਕ ਅਧਿਆਏ ਸ਼ਾਮਿਲ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਇਸ ਅਨੋਖੀ ਅਤੇ ਮਿਸਾਲੀ ਲੜਾਈ ਬਾਰੇ ਸਿੱਖਿਆ ਦਿੱਤੀ ਜਾ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

ਡਾ: ਸਾਹਨੀ ਨੇ ਕਿਹਾ ਕਿ ਇਹ ਮਹੱਤਵਪੂਰਨ ਯਾਦਗਾਰ ਸਾਨੂੰ ਹਮੇਸ਼ਾ ਦਿਲੀ ਸਮਰਪਣ ਨਾਲ ਲੜਨ ਵਾਲੇ ਸਿੱਖ ਸੈਨਕਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਦੀ ਯਾਦ ਦਿਵਾਉਂਦੀ ਰਹੇਗੀ। ਸਾਡੇ ਇਤਿਹਾਸ ਦੇ ਇਸ ਮਹੱਤਵਪੂਰਨ ਅਧਿਆਏ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਣ ਵਾਲੇ ਇਸ ਪ੍ਰਾਜੈਕਟ ਦਾ ਹਿੱਸਾ ਬਣਨਾ ਗੌਰਵ ਵਾਲੀ ਗੱਲ ਹੈ।

ਡਾ: ਸਾਹਨੀ ਨੇ ਕਿਹਾ ਕਿ ਸਾਰਾਗੜ੍ਹੀ ਮੈਮੋਰੀਅਲ 36 ਸਿੱਖ ਰੈਜੀਮੈਂਟ ਦੇ 21 ਸਿੱਖ ਸੈਨਿਕਾਂ ਦੀ ਬਹਾਦਰੀ ਨੂੰ ਸਮਰਪਿਤ ਹੈ ਜਿਨ੍ਹਾਂ ਨੇ 12 ਸਤੰਬਰ 1897 ਨੂੰ ਵਜ਼ੀਰਸਤਾਨ (ਹੁਣ ਪਾਕਿਸਤਾਨ ਵਿਚ ਖ਼ੈਬਰ-ਪਖਤੂਨਖਵਾ) ਵਿਚ 10000 ਅਫਗਾਨਾਂ ਦੇ ਹਮਲੇ ਤੋਂ ਸਾਰਾਗੜ੍ਹੀ ਕਿਲ੍ਹੇ ਦੀ ਰੱਖਿਆ ਕੀਤੀ ਸੀ।



# ਸਿਵਲ ਸਰਜਨ ਵਲੋਂ ਐਮਰਜੈਂਸੀ ਅਤੇ ਗਾਈਨੀ ਸੇਵਾਵਾਂ ਦਾ ਕੀਤਾ ਅਚਨਚੇਤ ਨਿਰੀਖਣ



**ਚੌਕ ਮਹਿਤਾ, 12 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵਲੋਂ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਐਮਰਜੈਂਸੀ ਅਤੇ ਗਾਇਨੀ ਵਾਰਡ ਵਿੱਚ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਦੌਰਾਨ ਉਹਨਾਂ ਵਲੋਂ ਐਮਰਜੈਂਸੀ ਵਾਰਡ ਵਿਚ ਦਾਖਿਲ ਮਰੀਜਾਂ ਪਾਸੋਂ ਪੁਛ-ਗਿਛ ਕੀਤੀ ਅਤੇ ਐਮਰਜੈਂਸੀ ਵਾਰਡ ਦੀ ਜਾਂਚ ਕੀਤੀ ਗਈ।ਇਸ ਦੌਰਾਣ ਐਮਰਜੈਂਸੀ ਵਿਚ ਤੈਨਾਤ ਸਟਾਫ ਦੀ ਹਾਜਰੀ ਚੈਕ ਕੀਤੀ, ਜਿਸ ਵਿਚ ਐਮਰਜੈਂਸੀ ਮੈਡੀਕਲ ਅਫਸਰਾਂ ਸਮੇਤ ਸਮੂਹ ਸਟਾਫ ਹਾਜਰ ਪਾਇਆ ਗਿਆ। ਇਸਦੇ ਨਾਲ ਹੀ ਜਰੂਰੀ ਦਵਾਈਆਂ ਅਤੇ ਐਮਰਜੈਂਸੀ ਸੇਵਾਵਾਂ ਦੇ ਪ੍ਰਬੰਧਾ ਦਾ ਵੀ ਜਾਇਜਾ ਲਿਆ ਗਿਆ। ਇਸ ਤੋਂ ਬਾਦ ਉਹਨਾਂ ਵਲੋਂ ਲੇਬਰ-ਰੂਮ ਅਤੇ ਗਾਇਨੀ ਵਾਰਡ ਵਿਚ ਵੀ ਚੈਕਿੰਗ ਕੀਤੀ ਗਈ, ਇਸ ਦੌਰਾਣ ਸਵੇਰ ਤੋਂ ਲੈਕੇ ਦੁਪਿਹਰ 1 ਵਜੇ ਤੱਕ 7 ਸਜੇਰੀਅਨ ਕੇਸ, 5 ਨਾਰਮਲ ਡਲਿਵਰੀ ਅਤੇ 1 ਡੀ.ਐਨ.ਸੀ ਕੇਸ ਕੀਤੇ ਜਾ ਚੁਕੇ ਸਨ। ਇਸ ਉਪਰੰਤ ਉਹਨਾਂ ਵਲੋਂ ਸੰਬਧਤ ਸਟਾਫ ਨੂੰ ਮੌਕੇ ਤੇ ਹੋਰ ਬੇਹਤਰ ਸੇਵਾਵਾਂ ਦੇਣ ਸੰਬਧੀ ਹਿਦਾਇਤਾਂ ਦਿੱਤੀਆਂ ਗਈਆ ਅਤੇ ਸਿਵਲ ਹਸਪਤਾਲ ਦੇ ਸਮੂਹ ਮੈਡੀਕਲ ਅਫਸਰਾਂ ਅਤੇ ਸਮੂਹ ਸਟਾਫ ਨੂੰ ਸਮੇਂ ਦੇ ਪਾਬੰਦ ਰਹਿਣ, ਸਾਫ ਸਫਾਈ ਦਾ ਧਿਆਨ ਰੱਖਣ, ਮਰੀਜਾਂ ਨਾਲ ਚੰਗਾ ਵਿਵਹਾਰ ਕਰਨ ਅਤੇ ਸੇਵਾ ਭਾਵ ਨਾਲ ਕੰਮ ਕਰਨ ਲਈ ਕਿਹਾ।ਇਸ ਅਵਸਰ ਤੇ ਸੀਨੀਅਰ ਮੈਡੀਕਲ ਅਫਸਰ ਡਾ ਪ੍ਰੀਤਵਿਨ ਅਤੇ ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ ਵੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਡਿਪੂ ਹੋਲ੍ਡਰ ਯੂਨੀਅਨ ਨੇ ਪੰਜਾਬ ਸਰਕਾਰ ਨੂੰ ਦਿੱਤੀ ਚੇਤਾਵਨੀ, ਡਿਪੂਆਂ ਦੀ ਗਲਤ ਵਕੈਂਸੀ ਤੇ ਭਰਤੀ ਕਰਨ ਤੇ ਕਰਾਂਗੇ ਹਾਈ ਕੋਰਟ ਦਾ ਰੁਖ



**ਚੌਕ ਮਹਿਤਾ 12 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ) :** ਪੰਜਾਬ ਸਰਕਾਰ ਵਲੋਂ ਪੇਂਡੂ ਅਤੇ ਸ਼ਹਿਰੀ ਸਸਤੇ ਰਾਸ਼ਨ ਦੇ ਡਿਪੂਆਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਆਦੇਸ਼ ਜਾਰੀ ਹੋਏ ਹਨ ਅਤੇ ਇਸ ਨੂੰ ਦੇਖਦੇ ਹੋਏ ਅੰਮ੍ਰਿਤਸਰ ਡਿਪੂ ਹੋਲ੍ਡਰ ਯੂਨੀਅਨ ਵੱਲੋਂ ਹੰਗਾਮੀ ਮੀਟਿੰਗ ਕੀਤੀ ਗਈ ਅਤੇ ਜਿਸ ਵਿੱਚ ਡਿਪੂ ਹੋਲਡਰ ਯੂਨੀਅਨ ਦੇ ਪ੍ਰਧਾਨ ਸੰਜੀਵ ਸ਼ਰਮਾ ਲਾਡੀ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਨ ਤੇ ਦਸਿਆ ਕਿ ਜੋ ਪੰਜਾਬ ਸਰਕਾਰ ਵੱਲੋਂ ਡਿਪੂਆਂ ਦੀ ਵਕੈਂਸੀ ਭਰਨ ਦੀ ਤਜ਼ਵੀਜ਼ ਹੈ ਉਹ ਬਿਲਕੁਲ ਗ਼ਲਤ ਫੈਸਲਾ ਹੈ। ਕੇਂਦਰ ਸਰਕਾਰ ਨੇ ਐਨ.ਐਫ.ਐਸ.ਏ ਅਧੀਨ ਪੰਜਾਬ ਰਾਜ ਦੇ 1,41,51,300 ਯੂਨਿਟ ਨਿਰਧਾਰਿਤ ਕੀਤੇ ਹੋਏ ਹਨ।ਇਸਦੇ ਉਲਟ ਮਹਿਕਮੇ ਦੀ ਵੈਬਸਾਈਟ ਦੇ ਮੁਤਾਬਿਕ ਪੰਜਾਬ ਸਰਕਾਰ ਵੱਲੋਂ 1,54,77,683 ਯੂਨਿਟਾਂ ਨੂੰ ਲਾਭਪਾਤਰੀ ਘੋਸ਼ਿਤ ਕੀਤਾ ਹੋਇਆ ਹੈ।ਇਸ ਵਿੱਚ ਏਏਵਾਈ ਕੈਟਾਗਰੀ ਦੇ ਲਾਭਪਾਤਰੀਆਂ ਦੇ ਜੋੜ ਕਰਨ ਤੇ ਸੰਖਿਆ 1,58,00,000 ਤੋਂ ਵੱਧ ਜਾਂਦੀ ਹੈ। ਕੇਂਦਰ ਸਰਕਾਰ ਵੱਲੋਂ ਨਿਰਧਾਰਿਤ ਕੋਟੇ ਤੇ 16,48700 ਯੂਨਿਟ ਵੱਧ ਨਿਰਧਾਰਿਤ ਕੀਤੇ ਗਏ ਹਨ। ਪੰਜਾਬ ਰਾਜ ਵਿੱਚ ਪ੍ਰਤੀ ਕਾਰਡ ਜਿਆਂ ਦੀ ਗਿਣਤੀ ਤੇ 3.85 ਹੈ। ਇਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਨਿਰਧਾਰਿਤ ਰਾਸ਼ਨ ਕਾਰਡਾਂ ਨਾਲੋਂ 4,28,233 ਕਾਰਡ ਵੱਧ ਬਣੇ ਹੋਏ ਹਨ। ਲਾਡੀ ਨੇ ਦੱਸਿਆ ਕਿ ਖੁਰਾਕ ਸਿਵਲ ਸਪਲਾਈ ਵਿਭਾਗ ਪੰਜਾਬ ਦੇ ਕੈਬਿਨਟ ਮੰਤਰੀ ਲਾਲ ਚੰਦ ਕਟਾਰੁਚੱਕ ਨੇ ਵਿਧਾਨ ਸਭਾ ਸੈਸ਼ਨ ਸਤੰਬਰ 2024 ਨੂੰ ਮੰਨਿਆ ਕਿ ਪੰਜਾਬ ਵਿੱਚ ਕੇਂਦਰ ਸਰਕਾਰ ਨਾਲੋਂ ਨਿਰਧਾਰਿਤ ਗਿਣਤੀ ਤੋਂ ਵੱਧ ਗਿਣਤੀ ਵਿੱਚ ਰਾਸ਼ਨ ਕਾਰਡ ਬਣੇ ਹੋਏ ਹਨ।ਸੁਪਰੀਮ ਕੋਰਟ/ਕੇਂਦਰ ਸਰਕਾਰ ਦੀਆਂ ਹਿਦਾਇਤਾਂ ਅਨੁਸਾਰ ਇਸ ਵੇਲੇ ਪੰਜਾਬ ਰਾਜ ਵਿੱਚ ਹੋਰਨਾਂ ਰਾਜਾਂ ਸਮੇਤ ਹਰੇਕ ਲਾਭਪਾਤਰੀ ਦੀ ਈਕੇਵਾਈਸੀ ਪੜ੍ਹਤਾਲ ਹੋ ਰਹੀ ਹੈ।ਈਕੇਵਾਈਸੀ ਹੋਣ ਤੋਂ ਬਾਅਦ ਪੂਰੀ ਸੰਭਾਵਨਾ ਹੈ ਕਿ ਕੇਂਦਰ ਸਰਕਾਰ ਵੱਲੋਂ ਨਿਰਧਾਰਿਤ ਕੋਟੇ ਤੇ ਵੱਧ ਬਣੇ 4,28,233 ਰਾਸ਼ਨ ਕਾਰਡ ਅਤੇ 16,48,700 ਯੂਨਿਟ ਖਤਮ ਹੋ ਜਾਣਗੇ। ਇਸ ਵੇਲੇ ਪੰਜਾਬ ਰਾਜ ਨੇ 200 ਰਾਸ਼ਨ ਕਾਰਡਾਂ ਪਿਛੇ ਡੀਪੂ ਦੀ ਅਸਾਮੀ ਦਾ ਨਰਮ ਕੀਤਾ ਹੋਇਆ ਹੈ। ਕੇਂਦਰੀ ਸਰਕਾਰ ਵੱਲੋਂ ਲਾਭਪਾਤਰੀਆਂ ਦੇ ਨਿਸ਼ਿਚਤ ਹੋਏ ਕੋਟੇ ਅਨੁਸਾਰ ਰਾਸ਼ਨ ਕਾਰਡਾਂ ਦੀ ਗਿਣਤੀ/ਯੂਨਿਟ ਘਟਾਉਣ ਤੇ 2141 ਡੀਪੂਆਂ ਦੀਆਂ ਅਸਾਮੀਆਂ ਘੱਟ ਜਾਣਗੀਆਂ। ਵਿਭਾਗ ਨੂੰ ਈਕੇਵਾਈਸੀ ਹੋਣ ਦਾ ਇੰਤਜ਼ਾਰ ਕਰਨਾ ਚਾਹੀਦਾ ਸੀ। ਲਾਡੀ ਨੇ ਦੱਸਿਆ ਕਿ ਇਸ ਸਬੰਧੀ ਮੈ ਮੁੱਖ ਮੰਤਰੀ ਪੰਜਾਬ ਅਤੇ ਵਿਭਾਗ ਨੂੰ ਪੱਤਰ ਲਿਖ ਕੇ ਚੇਤਾਵਨੀ ਅਤੇ ਸਾਰੀ ਜਾਣਕਾਰੀ ਦੇ ਦਿੱਤੀ ਹੈ ਕਿ ਗਲਤ ਵਕੈਂਸੀ ਤੇ ਡਿਪੂਆਂ ਦੀ ਭਰਤੀ ਕਰਨ ਤੇ ਅਸੀਂ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦਾ ਰੁੱਖ ਕਰਾਂਗੇ ਅਤੇ ਇਸਦੇ ਨਾਲ ਹੀ ਅਸੀਂ ਸਰਕਾਰ ਨੂੰ ਬੇਨਤੀ ਕੀਤੀ ਕਿ ਡੀਪੂਆਂ ਦੀਆਂ ਨਵੀਆਂ ਅਸਾਮੀਆਂ ਬਣਾਉਣ ਨਾਲ ਬਹੁਤ ਸਾਰੇ ਰਾਜਨੀਤਿਕ ਆਕਵਾਂ ਨੂੰ ਰਾਜਨੀਤਿਕ ਲਾਭ ਪਹੁੰਚ ਸਕਦਾ ਹੈ। ਜਾਅਲੀ ਕਾਰਡਾਂ ਅਤੇ ਯੂਨਿਟਾਂ ਦੀ ਗਿਣਤੀ ਦੇ ਅਧਾਰ ਤੇ ਨਵੇਂ ਡੀਪੂ ਬਣਾਉਣਾ ਕਿਸੇ ਤਰੀਕੇ ਵੀ ਜਾਇਜ ਨਹੀਂ ਹੈ। ਇਸ ਆਰੰਭ ਕੀਤੀ ਕਾਰਵਾਈ ਤੇ ਤੁਰੰਤ ਰੋਕ ਲਗਾਉਣ ਦੀ ਖੇਚਲ ਕੀਤੀ ਜਾਵੇ। ਇਸ ਮੌਕੇ ਤੇ ਵਾਈਸ ਪ੍ਰਧਾਨ ਮਨੀਸ਼ ਕੁਮਾਰ ਮੋਨੂੰ, ਇੰਦਰਜੀਤ ਸ਼ਰਮਾ, ਸੁਰਿੰਦਰ ਮਹਾਜਨ, ਬਿੱਲਾ, ਤੇਜਿੰਦਰ ਸਿੰਘ, ਮਨਜੀਤ ਸਿੰਘ ਮੀਤਾ, ਬਿੱਟੂ ਸ਼ਰਮਾ ਆਦਿ ਮੌਜੂਦ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

### ਗਲੋਬਲ ਸਿੱਖ ਕੌਂਸਲ ਵੱਲੋਂ ਐਸਜੀਪੀਸੀ ਤੋਂ ਸਰਕਾਰੀ ਕੰਟਰੋਲ ਹਟਾਉਣ ਲਈ ਸਿੱਖ ਗੁਰਦੁਆਰਾ ਕਾਨੂੰਨ 'ਚ ਸੋਧ ਦੀ ਮੰਗ

# ਅਕਾਲ ਤਖ਼ਤ ਸਾਹਿਬ ਨੂੰ ਖੁਦਮੁਖਤਿਆਰ ਬਣਾਇਆ ਜਾਵੇ - ਕੌਂਸਲ ਨੇ ਕੀਤੀ ਮੰਗ






ਲੰਡਨ - ਸਰਬਜੀਤ ਸਿੰਘ ਬਨੂੜ -ਗਲੋਬਲ ਸਿੱਖ ਕੌਂਸਲ (ਜੀਐਸਸੀ) ਨੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸਰਕਾਰੀ ਦਖਲਅੰਦਾਜ਼ੀ ਖਤਮ ਕਰਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਆਮ ਚੋਣਾਂ ਵਿੱਚ ਦੇਰੀ ਕਰਨ ਦੀਆਂ ਕਈ ਖਾਮੀਆਂ ਦਾ ਹਵਾਲਾ ਦਿੰਦੇ ਹੋਏ ਸਿੱਖ ਗੁਰਦੁਆਰਾ ਕਾਨੂੰਨ 1925 ਵਿੱਚ ਤੁਰੰਤ ਸੋਧ ਕਰਨ ਦੀ ਅਪੀਲ ਕੀਤੀ ਹੈ।

ਇੱਕ ਪ੍ਰੈਸ ਬਿਆਨ ਵਿੱਚ, ਬਰਤਾਨੀਆ ਨਿਵਾਸੀ ਤੇ ਜੀਐਸਸੀ ਦੀ ਪ੍ਰਧਾਨ ਲੇਡੀ ਸਿੰਘ, ਡਾ. ਕੰਵਲਜੀਤ ਕੌਰ (ਓਬੀਈ) ਨੇ ਕਿਹਾ ਕਿ ਇਸ ਕਾਨੂੰਨ ਦਾ ਉਦੇਸ਼ ਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧ ਗੈਰ-ਸਿੱਖਾਂ ਦੇ ਕੰਟਰੋਲ ਹੇਠੋਂ ਕੱਢ ਕੇ ਅਭਿਆਸੀ ਸਿੱਖਾਂ ਨੂੰ ਵਾਪਸ ਕਰਨ ਦਾ ਮੂਲ ਉਦੇਸ਼ ਸ਼ਲਾਘਾਯੋਗ ਸੀ ਪਰ ਇਸ ਕਾਨੂੰਨ ਵਿੱਚ ਕੇਂਦਰ ਸਰਕਾਰ ਵੱਲੋਂ ਕੋਈ ਵੀ ਸੋਧ ਕਰਨ ਤੋਂ ਪਹਿਲਾਂ ਐਸ.ਜੀ.ਪੀ.ਸੀ. ਨਾਲ ਸਲਾਹ-ਮਸ਼ਵਰਾ ਕਰਨ ਲਈ ਲੋੜੀਂਦੇ ਉਪਬੰਧਾਂ ਦੀ ਘਾਟ ਹੈ ਜਿਸ ਕਰਕੇ ਕੇਂਦਰ ਵੱਲੋਂ ਇਸ ਕਾਨੂੰਨ ਵਿੱਚ ਕਿਸੇ ਵੀ ਸੋਧ ਤੋਂ ਪਹਿਲਾਂ ਐਸ.ਜੀ.ਪੀ.ਸੀ. ਨਾਲ ਸਲਾਹ ਮਸ਼ਵਰਾ ਕਰਨ ਲਈ ਮੌਜੂਦਾ ਕਾਨੂੰਨ ਨੂੰ ਸੋਧਿਆ ਜਾਵੇ।

ਕੌਂਸਲ ਨੇ ਜ਼ੋਰ ਦੇ ਕੇ ਕਿਹਾ ਕਿ 17ਵੀਂ ਸਦੀ ਤੋਂ ਸਿੱਖਾਂ ਦੀ ਸਰਵਉੱਚ ਅਥਾਰਟੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਵੇਲੇ ਉਕਤ ਕਾਨੂੰਨ ਦੀ ਧਾਰਾ 85(1) ਦੁਆਰਾ ਸ਼੍ਰੋਮਣੀ ਕਮੇਟੀ ਦੇ ਨਿਯੰਤਰਣ, ਨਿਗਰਾਨੀ ਅਤੇ ਪ੍ਰਬੰਧਨ ਅਧੀਨ ਰੱਖਿਆ ਗਿਆ ਹੈ। ਇਸ ਧਾਰਾ ਵਿੱਚ ਲੋੜੀਂਦੇ ਸੁਧਾਰਾਂ ਦਾ ਸੁਝਾਅ ਦਿੰਦਿਆਂ ਡਾ. ਕੰਵਲਜੀਤ ਕੌਰ ਨੇ ਮੰਗ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਧਾਰਾ 85(1) ਵਿੱਚੋਂ ਹਟਾਇਆ ਜਾਵੇ ਤਾਂ ਜੋ ਇਸ ਨੂੰ ਗੁਰਦਵਾਰਾ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਵਾਂਗ ਆਜ਼ਾਦੀ ਅਤੇ ਖੁਦਮੁਖਤਿਆਰੀ ਮੁੜ ਦਿਵਾਈ ਜਾ ਸਕੇ। ਉਨ੍ਹਾਂ ਤਜਵੀਜ ਦਿੱਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਵੱਖਰੇ ਬੱਜਟ ਨੂੰ ਯਕੀਨੀ ਬਣਾਉਣ ਲਈ ਨਿਯਮ ਬਣਾਏ ਜਾਣ ਅਤੇ ਤਖ਼ਤ ਸਕੱਤਰੇਤ ਨੂੰ ਧਾਰਮਿਕ ਮਾਹਿਰਾਂ ਸਮੇਤ ਆਪਣੇ ਕਰਮਚਾਰੀ ਚੁਣਨ ਦਾ ਅਧਿਕਾਰ ਦਿੱਤਾ ਜਾਵੇ। ਇਸ ਤੋਂ ਇਲਾਵਾ, ਉਨਾਂ ਸਭ ਤੋਂ ਯੋਗ ਜਥੇਦਾਰਾਂ ਦੀ ਨਿਯੁਕਤੀ ਲਈ ਇੱਕ ਪਾਰਦਰਸ਼ੀ ਚੋਣ ਪ੍ਰਕਿਰਿਆ ਬਣਾਉਣ ਲਈ ਇੱਕ ਸੁਤੰਤਰ ਕਮੇਟੀ ਦਾ ਗਠਨ ਕਰਨ ਦੀ ਮੰਗ ਕੀਤੀ ਹੈ।

ਕੌਂਸਲ ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਤਖ਼ਤ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨੂੰ ਵੀ ਉਪਰੋਕਤ ਧਾਰਾ ਤੋਂ ਬਾਹਰ ਰੱਖਣ ਦੀ ਮੰਗ ਕਰਦਿਆਂ ਇਨ੍ਹਾਂ ਤਖਤ ਸਾਹਿਬਾਨ ਨੂੰ ਵੀ ਸਰਕਾਰੀ ਕੰਟਰੋਲ ਤੋਂ ਮੁਕਤੀ ਦਿਵਾਉਣ ਦੀ ਵਕਾਲਤ ਕੀਤੀ ਹੈ। ਜੀਐਸਸੀ ਨੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਨੂੰ ਸ਼ਕਤੀਆਂ ਦੇਣ ਲਈ ਵੀ ਕਾਨੂੰਨ ਵਿੱਚ ਸੋਧਾਂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਮੌਜੂਦਾ ਕਾਨੂੰਨ ਤਹਿਤ ਸ਼੍ਰੋਮਣੀ ਕਮੇਟੀ ਚੋਣਾਂ ਦਾ ਐਲਾਨ ਕਰਨ ਅਤੇ ਚੋਣਾਂ ਕਰਵਾਉਣ ਦਾ ਸਾਰਾ ਅਧਿਕਾਰ ਕੇਂਦਰ ਸਰਕਾਰ ਕੋਲ ਹੈ। ਕੌਂਸਲ ਨੇ ਸੁਝਾਅ ਦਿੱਤਾ ਹੈ ਕਿ ਇਹ ਅਧਿਕਾਰ ਗੁਰਦੁਆਰਾ ਚੋਣ ਕਮਿਸ਼ਨਰ ਨੂੰ ਦਿੱਤਾ ਜਾਵੇ, ਜਿਸ ਨਾਲ ਆਮ ਚੋਣਾਂ ਸਮੇਂ ਸਿਰ ਕਰਵਾਉਣ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੀਆਂ ਖਾਲੀ ਹੋਈਆਂ ਸੀਟਾਂ ਲਈ ਜ਼ਿਮਨੀ ਚੋਣਾਂ ਵੀ ਸਮਾਂਬੱਧ ਢੰਗ ਨਾਲ ਕਰਵਾਈਆਂ ਜਾ ਸਕਣ। ਗਲੋਬਲ ਸਿੱਖ ਕੌਂਸਲ ਨੇ ਉਕਤ ਕਾਨੂੰਨ ਦੀ ਧਾਰਾ 51 ਵਿੱਚ ਸੋਧ ਦੀ ਤਜਵੀਜ਼ ਪੇਸ਼ ਕੀਤੀ ਹੈ ਜਿਸ ਨਾਲ ਐਸ.ਜੀ.ਪੀ.ਸੀ. ਦੀਆਂ ਚੋਣਾਂ ਮੌਜੂਦਾ ਬੋਰਡ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਜਾਂ ਇਸ ਦੇ ਪੂਰਾ ਹੋਣ ਦੇ ਛੇ ਮਹੀਨਿਆਂ ਦੇ ਅੰਦਰ-ਅੰਦਰ ਕਰਾਉਣੀਆਂ ਲਾਜ਼ਮੀ ਬਣਾਈਆਂ ਜਾਣ। ਕੌਂਸਲ ਨੇ ਸ਼੍ਰੋਮਣੀ ਕਮੇਟੀ ਨੂੰ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਅੱਗੇ ਲੋੜੀਂਦੀਆਂ ਤਜਵੀਜ਼ਾਂ ਪੇਸ਼ ਕਰਕੇ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ ਲਈ ਫੈਸਲਾਕੁੰਨ ਕਦਮ ਚੁੱਕਣ ਲਈ ਕਿਹਾ ਹੈ। ਕੌਂਸਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਦੇ ਸੰਵਿਧਾਨ ਦੇ ਆਰਟੀਕਲ 26 ਦੁਆਰਾ ਪ੍ਰਦਾਨ ਕੀਤੇ ਅਧਿਕਾਰਾਂ ਤਹਿਤ ਸਮੂਹ ਗੁਰਦੁਆਰੇ ਵੀ ਉਸੇ ਤਰਾਂ ਸਿੱਖਾਂ ਦੇ ਪੂਰਨ ਕੰਟਰੋਲ ਅਤੇ ਪ੍ਰਬੰਧ ਅਧੀਨ ਹੋਣੇ ਚਾਹੀਦੇ ਹਨ ਜਿਸ ਤਰ੍ਹਾਂ ਕਿ ਦੇਸ਼ ਵਿੱਚ ਮਸਜਿਦਾਂ ਅਤੇ ਗਿਰਜਾਘਰਾਂ ਨੂੰ ਸਰਕਾਰੀ ਦਖਲ ਤੋਂ ਬਿਨਾਂ ਉਨ੍ਹਾਂ ਦੇ ਸਬੰਧਤ ਧਾਰਮਿਕ ਭਾਈਚਾਰਿਆਂ ਦੁਆਰਾ ਕੰਟਰੋਲ ਕੀਤਾ ਜਾ ਰਿਹਾ ਹੈ।

### ਦਸ਼ਮੇਸ਼ ਸਕੂਲ ਦੀਆਂ ਵਿਦਿਆਰਥਣਾਂ ਨੂੰ

# ਡੀ. ਸੀ. ਨੇ ਕੀਤਾ ਸਨਮਾਨਿਤ



**ਚੌਕ ਮਹਿਤਾ, 12 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਸ਼ਮੇਸ਼ ਪਬਲਿਕ ਸੀਨੀ. ਸੈਕੰ. ਸਕੂਲ ਮਹਿਤਾ ਚੌਂਕ ਦੀਆਂ ਤਿੰਨ ਵਿਦਿਆਰਥਣਾਂ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਘਣਸ਼ਿਆਮ ਥੋਰੀ ਦੇ ਵੱਲੋਂ ਖੇਤਰੀ ਦਫ਼ਤਰ ਵਿਖੇ ਸਨਮਾਨਿਤ ਕੀਤਾ ਗਿਆ। ਵਿਦਿਆਰਥਣਾਂ ਨੇ ਬੋਰਡ ਪ੍ਰੀਖਿਆ (2023-24) ਵਿੱਚ ਚੰਗੇ ਨੰਬਰ ਲੈ ਕੇ ਸਕੂਲ ਤੇ ਮਾਪਿਆਂ ਦਾ ਮਾਣ ਵਧਾਇਆ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਸੀ। ਇਨਾਂ ਵਿਦਿਆਰਥਣਾਂ ਵਿੱਚ ਦਸਵੀਂ ਜਮਾਤ ਦੀ ਪ੍ਰਭਜੋਤ ਕੌਰ ਨੇ 96.3 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ।ਇਸਦੇ ਨਾਲ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਦੀਆ 02 ਵਿਦਿਆਰਥਣਾਂ ਚਾਹਤ ਅਨੰਦ ਨੇ 97 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਅਮਨਪ੍ਰੀਤ ਕੌਰ ਨੇ 96.8 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ। ਇਨਾਂ ਤਿੰਨ ਵਿਦਿਆਰਥਣਾਂ ਨੂੰ ਅੱਜ ਖੇਤਰੀ ਦਫ਼ਤਰ ਵਿਖੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਸਮੇਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਡੀ. ਸੀ. ਘਣਸ਼ਿਆਮ ਥੋਰੀ ਨੇ ਕਿਹਾ ਕਿ ਵਿਦਿਆਰਥਣਾਂ ਨੂੰ ਆਪਣਾ ਟੀਚਾ ਸਥਾਪਿਤ ਕਰਕੇ ਅੱਗੇ ਵੱਧਦੇ ਰਹਿਣਾ ਚਾਹੀਦਾ ਹੈ ਅਤੇ ਆਪਣਾ ਖੁਦ ਦਾ ਨਾਮ ਸਥਾਪਿਤ ਕਰਨਾ ਚਾਹੀਦਾ ਹੈ।ਇਸੇ ਤਰਾਂ ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਵੀ ਬੱਚੀਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਹਮੇਸ਼ਾ ਕਾਮਯਾਬੀ ਵੱਲ ਰੁਖ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਹਰਭਗਵੰਤ ਸਿੰਘ ਡੀ.ਈ.ਓ. ਸੀਨੀਅਰ ਸੈਕੰਡਰੀ ਅਤੇ ਮੈਡਮ ਬਲਜੀਤ ਕੌਰ ਵੀ ਮੌਜੂਦ ਸਨ।

# ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਗੁਰਮਤਿ ਸਮਾਗਮ



ਨਵੀਂ ਦਿੱਲੀ, 12 ਸਤੰਬਰ (ਮਨਪ੍ਰੀਤ ਸਿੰਘ ਖਾਲਸਾ):- ਸਾਰਾਗੜ੍ਹੀ ਜੰਗ ਦੀ 127ਵੀਂ ਵਰ੍ਹੇਗੰਢ ਮੌਕੇ ਇਥੇ ਸਥਿਤ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਗੁਰਮਤਿ ਸਮਾਗਮ ਕੀਤਾ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਕਥਾ ਵਿਚਾਰਾਂ ਕੀਤੀਆਂ। ਗਿਆਨੀ ਗੁਰਮਿੰਦਰ ਸਿੰਘ ਨੇ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫ਼ੌਜੀਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਇਸ ਜੰਗ ਦੇ ਸ਼ਹੀਦ ਸਿੱਖ ਫ਼ੌਜੀ ਦ੍ਰਿੜ੍ਹਤਾ ਤੇ ਸਮਰਪਣ ਦੀ ਸਿਖਰਲੀ ਮਿਸਾਲ ਸਨ, ਅੱਜ ਵੀ ਇਨ੍ਹਾਂ ਬਹਾਦਰਾਂ ਸਿੱਖਾਂ ਦੀ ਲਾਸਾਨੀ ਕੁਰਬਾਨੀ ਨੂੰ ਵਿਸ਼ਵ ਭਰ ਵਿਚ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਤੇ ਭਾਈ ਜਸਪਾਲ ਸਿੰਘ ਤੋਂ ਇਲਾਵਾ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਸ. ਰਣਜੀਤ ਸਿੰਘ, ਸ. ਮਹਿੰਦਰ ਸਿੰਘ, ਬੀਬੀ ਸੰਤੋਸ਼ ਕੌਰ, ਬੀਬੀ ਅਵਨੀਤ ਕੌਰ, ਬੀਬੀ ਸਿਮਰਜੀਤ ਕੌਰ ਅਤੇ 4 ਸਿੱਖ ਰੈਜੀਮੈਂਟ ਵੱਲੋਂ ਸ. ਗੁਰਪ੍ਰੀਤ ਸਿੰਘ, ਸ. ਰਾਮ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ 450ਵਾਂ ਗੁਰਿਆਈ ਗੁਰਪੁਰਬ ਅਤੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਜੋਤੀ-ਜੋਤ ਪੁਰਬ ਦੇ ਸੰਬਧ ਚ ਕਰਵਾਇਆ ਜਾਵੇਗਾ ਗੁਰਮਤਿ ਸਮਾਗਮ

**ਚੌਕ ਮਹਿਤਾ, 12 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਦੇੜ ਵਿਖੇ ਇਸ ਸਾਲ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ 450 ਵਾਂ ਗੁਰਿਆਈ ਗੁਰਪੁਰਬ ਅਤੇ



ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਜੋਤੀ-ਜੋਤ ਪੁਰਬ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਮਿਤੀ 16 ਸਤੰਬਰ ਤੋਂ 18 ਸਤੰਬਰ ਤੱਕ ਰੋਜ ਰਾਤੀ 8 ਵਜੇ ਤੋਂ 11 ਵਜੇ ਤੱਕ ਮਾਨਯੋਗ ਪੰਜਪਿਆਰੇ ਸਾਹਿਬਾਨ ਦੇ ਸਰਪ੍ਰਸਤੀ ਹੇਠ ਆਯੋਜਿਤ ਕੀਤਾ ਗਿਆ ਹੈ। ਇਨਾਂ ਸਮਾਗਮਾਂ ਦੀ ਸਫਲਤਾ ਲਈ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਕ (ਪ੍ਰਸ਼ਾਸਕ) ਡਾ.ਸ. ਵਿਜੇ ਸਤਬੀਰ ਸਿੰਘ ਸਾਬਕਾ ਆਈ ਏਐਸ ਜੀ ਦੇ ਦਿਸ਼ਾ ਨਿਰਦੇਸ਼ ਦੁਆਰਾ ਇਨਾਂ ਸਮਾਗਮਾਂ ਦੀ ਤਿਆਰੀਆਂ ਹੋ ਰਹੀਆਂ ਹਨ। ਇਹ 'ਵਿਸ਼ੇਸ਼ ਗੁਰਮਤਿ ਸਮਾਗਮ' ਇਸ ਸਾਲ ਤਖਤ ਸੱਚਖੰਡ ਸਾਹਿਬ ਜੀ ਦੀ ਬਾਹਰਲੀ ਪਰਿਕ੍ਰਮਾ ਵਿੱਚ ਬਣੇ ਅਖੰਡਪਾਠ ਸਾਹਿਬ ਜੀ ਦੇ ਕੈਬੀਨ ਦੇ ਪਾਸ ਸੰਪਨ ਹੋਵੇਗਾ ਇਸ ਸਮਾਗਮ ਨੂੰ ਸਫਲ ਬਨਾਉਣ ਲਈ ਗੁਰਦੁਆਰਾ ਸੱਚਖੰਡ ਬੋਰਡ ਦੇ ਅਧਿਕਾਰੀ ਗਨ, ਸਾਰੇ ਹੀ ਵਿਭਾਗਾਂ ਦੇ ਪ੍ਰਮੁੱਖ ਅਤੇ ਹੋਰ ਕਰਮਚਾਰੀਆਂ ਦੀ ਡਿਊਟੀਆਂ ਲਗਾਈ ਗਈ ਹੈ ਨਾਲ ਹੀ ਜਿਲਾ ਪ੍ਰਸ਼ਾਸਨ ਨੂੰ ਵੀ ਪੱਤਰ ਰਾਹੀਂ ਇਸ ਸਮਾਗਮ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਹੈ ਇਸ ਵਿਸ਼ੇਸ਼ ਗੁਰਮਤਿ ਸਮਾਗਮ ਵਿੱਚ ਪੰਥ ਪ੍ਰਸਿੱਧ ਗਿਆਨੀ ਜਸਵਿੰਦਰ ਸਿੰਘ ਜੀ ਸ਼ਹੂਰ ਰਾਗੀ ਭਾਈ ਜਗਦੀਪ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਭਾਈ ਸੁਖਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, (ਅੰਮ੍ਰਿਤਸਰ), ਭਾਈ ਮੰਗਤ ਸਿੰਘ ਜੀ (ਅੰਮ੍ਰਿਤਸਰ), ਭਾਈ ਜਸਕਰਨ ਸਿੰਘ ਜੀ ਪਟਿਆਲੇ ਵਾਲੇ, ਭਾਈ ਤਰਨਵੀਰ ਸਿੰਘ ਜੀ ਲੁਧਿਆਣੇ ਵਾਲੇ ਪੁੱਜਣਗੇ ਸੰਗਤਾਂ ਪ੍ਰਤਿ ਬੇਨਤੀ ਹੈ ਕਿ, ਇਨਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਮਹਾਰਾਜ ਦੇ ਆਸ਼ੀਰਵਾਦ ਪ੍ਰਾਪਤ ਕਰੋ ਜੀ।

## ਮਾਨ ਸਰਕਾਰ ਦੀ ਫ਼ਰਿਸ਼ਤੇ ਸਕੀਮ ਆਮ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ: ਨਵਜੋਤ ਕੌਰ

**ਧੂਰੀ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਆਵਾਜਾਈ ਸੁਧਾਰ ਦੇ ਆਪਣੇ ਮੌਜੂਦਾ ਯਤਨਾਂ ਜਿਵੇਂ ਟਰਾਂਸਪੋਰਟ ਪ੍ਰਸ਼ਾਸਨ ਦੇ ਵੱਖ-ਵੱਖ ਪਹਿਲੂਆਂ ਨੂੰ ਬਿਹਤਰ ਬਣਾਉਣ ਅਤੇ ਸਭ ਨਾਗਰਿਕਾਂ ਲਈ ਸੁਰੱਖਿਅਤ ਸੜਕੀ ਆਵਾਜਾਈ ਯਕੀਨੀ ਬਣਾਉਣ ਸਣੇ ਹੋਰਨਾਂ ਸੂਬਿਆਂ ਵੱਲੋਂ ਅਪਣਾਏ ਜਾਂਦੇ ਜਨਤਕ ਸੁਰੱਖਿਆ ਦੇ ਅਹਿਮ ਮੁੱਦੇ ਨਾਲ ਨਜਿੱਠਣ ਲਈ ਯਤਨਸ਼ੀਲ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਆਗੂ ਨਵਜੋਤ ਕੌਰ ਧੂਰੀ ਨੇ ਕੀਤਾ।



ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੇਵਾਵਾਂ ਨੂੰ ਸਚਾਰੂ ਬਣਾਉਣ ਅਤੇ ਨਾਗਰਿਕਾਂ ਨੂੰ ਸਰਕਾਰੀ ਸੇਵਾਵਾਂ ਸਚੱਜ ਅਤੇ ਸਖਾਲੇ ਢੰਗ ਨਾਲ ਮੁਹੱਈਆ ਕਰਵਾਉਣ ਨੂੰ ਤਰਜੀਹ ਦੇ ਰਹੀ ਹੈ ਉਨ੍ਹਾਂ ਕਿਹਾ ਕਿ ਸਰਕਾਰ ਨੇ ਸੜਕੀ ਆਵਾਜਾਈ ਵਿੱਚ ਸੁਧਾਰ ਦੀ ਦਿਸ਼ਾ ਵਿੱਚ 14 ਹਾਈ ਟੈਕ ਵਾਹਨਾਂ ਅਤੇ 5000 ਸਮਰਪਿਤ ਜਵਾਨਾਂ ਨਾਲ ਲੈਸ ਸੜਕ ਸੁਰੱਖਿਆ ਫੋਰਸ ਦੀ ਸਥਾਪਨਾ ਕੀਤੀ ਹੈ। ਇਸ ਤੋਂ ਇਲਾਵਾ ਸੜਕ ਹਾਦਸਿਆਂ ਦੇ ਪੀੜਤਾਂ ਦੀਆਂ ਜਾਨਾਂ ਬਚਾਉਣ ਲਈ ਫ਼ਰਿਸ਼ਤੇ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ।

ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਮਨਾਇਆ ਸ਼ਹੀਦ ਭਾਈ ਸਰਬਜੀਤ ਸਿੰਘ ਜੋਹਲ ਦਾ ਸ਼ਹੀਦੀ ਦਿਹਾੜਾ

# ਪੰਥਕ ਆਗੂਆਂ ਨੇ ਖ਼ਾਲਿਸਤਾਨ ਦੇ ਸੰਘਰਸ਼ ਨੂੰ ਬੁਲੰਦ ਕਰਨ 'ਤੇ ਦਿੱਤਾ ਜ਼ੋਰ



**ਅੰਮ੍ਰਿਤਸਰ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ 'ਚ ਸ਼ਹਾਦਤ ਦਾ ਜਾਮ ਪੀਣ ਵਾਲੇ ਸ਼ਹੀਦ ਭਾਈ ਸਰਬਜੀਤ ਸਿੰਘ ਜੋਹਲ ਦਾ ਸ਼ਹੀਦੀ ਦਿਹਾੜਾ ਉਹਨਾਂ ਦੇ ਪਰਿਵਾਰ ਵੱਲੋਂ ਗੁ. ਸਿੰਘ ਸਭਾ, ਪਿੰਡ ਜੋਹਲਾਂ, ਨੇੜੇ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਅਤੇ ਅਖੰਡ ਕੀਰਤਨੀ ਜਥੇ ਦੇ ਰਾਗੀ ਭਾਈ ਜਸਪਾਲ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

## ਹਿੰਦ ਸਰਕਾਰ ਨੂੰ ਦੁਸ਼ਮਣ ਕਰਾਰਦਿਆਂ ਸਿੱਖਾਂ ਨੂੰ ਸੁਚੇਤ ਕੀਤਾ

ਫਿਰ ਵੱਖ-ਵੱਖ ਪੰਥਕ ਅਤੇ ਖ਼ਾਲਿਸਤਾਨੀ ਜਥੇਬੰਦੀਆਂ ਦੇ ਆਗੂਆਂ ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੁੱਖ ਬੁਲਾਰੇ ਤੇ ਦੁਆਬਾ ਇੰਚਾਰਜ ਡਾ. ਹਰਜਿੰਦਰ ਸਿੰਘ ਜੱਖੂ, ਮੈਂਬਰ ਪੀ.ਏ.ਸੀ. ਗੁਰਦੀਪ ਸਿੰਘ ਖੁਣਖੁਣ, ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਸਿੰਗੜੀਵਾਲਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਦਲ ਖ਼ਾਲਸਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ, ਆਵਾਜ਼ੇ ਕੌਮ ਦੇ ਆਗੂ ਨੋਬਲਜੀਤ ਸਿੰਘ ਬੁੱਲੋਵਾਲ, ਮਾਸਟਰ ਕੁਲਦੀਪ ਸਿੰਘ ਮਸੀਤੀ ਅਤੇ ਸੰਦੀਪ ਸਿੰਘ ਖਾਲਸਾ (ਟਾਂਡਾ) ਨੇ ਸੰਗਤਾਂ ਨਾਲ ਮੌਜੂਦਾ ਸਿੱਖ ਸੰਘਰਸ਼ ਪ੍ਰਤੀ ਵਿਚਾਰ ਸਾਂਝੇ ਕੀਤੇ ਅਤੇ ਸ਼ਹੀਦ ਭਾਈ ਸਰਬਜੀਤ ਸਿੰਘ ਜੋਹਲ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਡਾ. ਹਰਜਿੰਦਰ ਸਿੰਘ ਜੱਖੂ ਨੇ ਕਿਹਾ ਕਿ ਸਿੱਖ ਕੌਮ ਦੀ ਹੋਂਦ ਦੀ ਲੜਾਈ ਲੜਨ ਅਤੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਨੂੰ ਇੱਕਮੁੱਠ ਹੋ ਕੇ ਕੌਮੀ ਸੰਘਰਸ਼ ਲੜਨਾ ਹੀ ਪੈਣਾ ਹੈ, ਜੇ ਨਸ਼ਿਆਂ ਨੂੰ ਰੋਕਣਾ ਹੈ ਤਾਂ ਪੰਥਕ ਸੋਚ ਨੂੰ ਇਕੱਠਿਆਂ ਕਰਕੇ ਸੰਘਰਸ਼ ਵਿੱਢਣ ਦੀ ਲੋੜ ਹੈ। ਭਾਈ ਗੁਰਨਾਮ ਸਿੰਘ ਸਿੰਗੜੀਵਾਲਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਭ੍ਰਿਸ਼ਟ ਨਿਜ਼ਾਮ ਨੂੰ ਬਦਲਣ ਦਾ ਸਮਾਂ ਆ ਗਿਆ ਹੈ, ਇਸ ਵਾਰ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਨਰੈਣੂ ਮਹੰਤ ਦੇ ਵਾਰਸ ਬਾਦਲਕਿਆਂ ਦਾ ਬੋਰੀ ਬਿਸਤਰਾ ਗੋਲ ਕੀਤਾ ਜਾਵੇ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਦਾ ਸਾਥ ਦਿੱਤਾ ਜਾਵੇ ਤਾਂ ਜੋ ਪੰਥ ਅਤੇ ਪੰਜਾਬ ਨੂੰ ਖੁਸ਼ਹਾਲ ਕੀਤਾ ਜਾ ਸਕੇ। ਫੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ਼ਹੀਦ ਭਾਈ ਸਰਬਜੀਤ ਸਿੰਘ ਜੋਹਲ ਜੋ ਦਸ਼ਮੇਸ਼ ਪਿਤਾ ਦੇ ਚਾਰ ਸਾਹਿਬਜ਼ਾਦਿਆਂ ਦੇ ਹੀ ਵਾਰਸ ਸਨ। ਅਠਾਰਵੀਂ ਸਦੀ ਦੀਆਂ ਮਹਾਨ ਰੂਹਾਂ ਨੇ ਦੁਬਾਰਾ ਜਨਮ ਲੈ ਕੇ ਵੀਹਵੀਂ ਸਦੀ ਦੇ ਸਿੱਖ ਸੰਘਰਸ਼ ਵਿੱਚ ਪੰਥ ਅਤੇ ਪੰਜਾਬ ਦੀ ਆਜ਼ਾਦੀ ਲਈ ਸੇਵਾ ਕੀਤੀ। ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਖ਼ਾਲਿਸਤਾਨ ਦੇ ਨਿਸ਼ਾਨੇ ਨੂੰ ਸਾਕਾਰ ਕਰਨਾ ਹੈ। ਸਿੱਖਾਂ ਲਈ ਵਾਹਿਗੁਰੂ ਦੀ ਭਗਤੀ ਅਤੇ ਖ਼ਾਲਿਸਤਾਨ ਦੀ ਪ੍ਰਾਪਤੀ ਦੋਵੇਂ ਉੱਤਮ ਕਰਮ ਹਨ। ਖ਼ਾਲਿਸਤਾਨ ਦਾ ਰਾਹ ਸੁੰਨ-ਮਸਾਨ ਹੈ ਇਹ ਭੀੜ ਵਾਲਾ ਨਹੀਂ, ਕੁਝ ਹਮਸਫਰ ਮਿਲਦੇ ਨੇ, ਕੁਝ ਨਿਭਾਉਂਦੇ ਨੇ, ਕੁਝ ਛੱਡ ਜਾਂਦੇ ਨੇ, ਹਜ਼ਾਰਾਂ ਸਿੰਘ ਸਿੰਘਣੀਆਂ ਜਿੰਦੜੀਆਂ ਵਾਰ ਗਏ ਤੇ ਇਹ ਸਫਰ ਅਜੇ ਲੰਮੇਰਾ ਹੈ। ਖਾਲਿਸਤਾਨ ਦਾ ਰਾਹ ਖਾਲਸਾਈ ਸਿਧਾਂਤਾਂ ਵਿੱਚੋਂ ਉਪਜਿਆ ਹੈ, ਇਹ ਪਵਿੱਤਰ ਸ਼ਬਦ ਅਤੇ ਉੱਤਮ ਵਿਚਾਰਧਾਰਾ ਹੈ ਆਖਰ ਹਰੇਕ ਸੱਚੇ ਸਿੱਖ ਨੂੰ ਇਹ ਰਾਹ ਅਪਣਾਉਣਾ ਪੈਣਾ ਹੈ।

ਭਾਈ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ ਦੀ ਸ਼ਹੀਦੀ ਅਤੇ ਭਾਈ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਦੀ ਸਾਜਿਸ਼ ਇਹ ਦਰਸਾਉਂਦੀ ਹੈ ਕਿ ਖ਼ਾਲਿਸਤਾਨ ਦੀ ਜੰਗ ਜਾਰੀ ਹੈ ਅਤੇ ਹਿੰਦ ਸਰਕਾਰ ਵੱਲੋਂ ਹਥਿਆਰਾਂ ਦੀ ਜੰਗ ਤੋਂ ਬਾਅਦ ਸਿੱਖ ਕੌਮ ਦੇ ਖਿਲਾਫ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਭਾਈ ਨੋਬਲਜੀਤ ਸਿੰਘ ਬੁੱਲੋਵਾਲ ਨੇ ਕਿਹਾ ਕਿ ਸਰਕਾਰਾਂ ਵੱਲੋਂ ਸਿੱਖ ਸੱਭਿਆਚਾਰ ਨੂੰ ਬਦਲਣ ਦੇ ਯਤਨ ਕੀਤੇ ਜਾ ਰਹੇ ਹਨ, ਸਾਡੇ ਉੱਤੇ ਸੂਖਮ ਹਮਲੇ ਹੋ ਰਹੇ ਹਨ ਜਿਸ ਪ੍ਰਤੀ ਅਸੀਂ ਅਵੇਸਲੇ ਹਾਂ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਦਲ ਖਾਲਸਾ, ਆਵਾਜ਼ੇ ਕੌਮ ਅਤੇ ਸਤਿਕਾਰ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਸ਼ਹੀਦ ਭਾਈ ਸਰਬਜੀਤ ਸਿੰਘ ਜੌਹਲ ਦੇ ਪਿਤਾ ਜਥੇਦਾਰ ਭਾਈ ਬਲਬੀਰ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ। ਸੰਤ ਬਾਬਾ ਹਰਚਰਨ ਸਿੰਘ ਰਮਦਾਸਪੁਰ ਵਾਲਿਆਂ ਵੱਲੋਂ ਸ਼ਹੀਦ ਪਰਿਵਾਰ ਨੂੰ ਦਸਤਾਰ ਭੇਟ ਕੀਤੀ ਗਈ।

ਇਸ ਮੌਕੇ ਗੁਰਦਰਸ਼ਨ ਸਿੰਘ, ਪਰਮਿੰਦਰ ਸਿੰਘ ਮੁਕੇਰੀਆਂ, ਕਰਨੈਲ ਸਿੰਘ ਘੋੜਾਬਾਹਾ, ਮਹਿਤਾਬ ਸਿੰਘ ਹੁੰਦਲ, ਮਹਿੰਦਰ ਸਿੰਘ ਬੋਦਲਾਂ, ਗੁਰਦੀਪ ਸਿੰਘ ਗੜ੍ਹਦੀਵਾਲਾ, ਅਮਨਦੀਪ ਸਿੰਘ, ਮਨਜਿੰਦਰ ਸਿੰਘ ਜੌਹਲਾਂ, ਗੁਰਨਾਮ ਸਿੰਘ ਮੂਨਕਾਂ, ਓੰਕਾਰ ਸਿੰਘ ਜੌਹਲਾਂ, ਗੁਰਵਿੰਦਰ ਸਿੰਘ ਮਿਆਣੀ, ਅਵਤਾਰ ਸਿੰਘ ਮਾਹੀ ਵਡਾਲਾ, ਜਸਵੰਤ ਸਿੰਘ ਫੌਜੀ, ਦਵਿੰਦਰ ਸਿੰਘ ਰੂਪਤਾਰਾ, ਜਗਦੀਪ ਸਿੰਘ ਬੈਂਚਾਂ, ਨਿਹੰਗ ਕੇਵਲ ਸਿੰਘ ਖੁਣਖੁਣ ਕਲਾਂ, ਭਾਗ ਸਿੰਘ ਘੋਗਰਾ, ਹਰਦੀਪ ਸਿੰਘ, ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਸੁਚੱਜੇ ਪਰਾਲੀ ਪ੍ਰਬੰਧਨ ਲਈ ਪਿੰਡਾਂ 'ਚ ਪੁੱਜੇ, ਕਿਸਾਨਾਂ ਨਾਲ ਕੀਤੀ ਸਿੱਧੀ ਗੱਲਬਾਤ

# ਵਾਤਾਵਰਣ ਨੂੰ ਪਲੀਤ ਹੋਣ ਤੋਂ ਰੋਕਣ ਲਈ ਕਿਸਾਨ ਪਰਾਲੀ ਪ੍ਰਬੰਧਨ ਲਈ ਇਨ ਸੀਟੂ ਤੇ ਐਕਸ ਸੀਟੂ ਤਕਨੀਕਾਂ ਅਪਣਾਉਣ : ਡੀ.ਸੀ.

**ਜੰਡਿਆਲਾ ਗੁਰੂ, 12 ਸਤੰਬਰ ( ਕੁਲਵੰਤ ਸਿੰਘ ਵਿਰਦੀ)**-ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਅਗਾਮੀ ਸੀਜ਼ਨ ਦੌਰਾਨ ਬਿਨਾਂ ਅੱਗ ਲਗਾਏ ਪਰਾਲੀ ਨੂੰ ਸੰਭਾਲਣ ਲਈ ਅੱਜ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਬੰਡਾਲਾ ਅਤੇ ਤਾਰਾਗੜ੍ਹ ਦੇ ਪਿੰਡਾਂ 'ਚ ਜਾ ਕੇ ਕਿਸਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਐਸ.ਪੀ. ਦਿਹਾਤੀ ਸ: ਚਰਨਜੀਤ ਸਿੰਘ, ਡਿਪਟੀ ਡਾਇਰੈਕਟ ਖੇਤੀਬਾੜੀ ਸ: ਯੁਧਬੀਰ ਸਿੰਘ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਐਸ.ਡੀ.ਓ. ਵਿਨੋਦ ਕੁਮਾਰ ਵੀ ਹਾਜ਼ਰ ਸਨ।




ਸ੍ਰੀ ਥੋਰੀ ਨੇ ਜ਼ਿਲ੍ਹੇ 'ਚ ਪਿਛਲੇ ਸਾਲ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਉਣ ਵਾਲੇ ਪਿੰਡਾਂ ਦੇ ਕਿਸਾਨਾਂ ਨਾਲ ਖੁੱਲ੍ਹੀ ਵਿਚਾਰ ਚਰਚਾ ਕੀਤੀ ਅਤੇ ਪਹਿਲਾਂ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਸੁਣਿਆਂ ਤੇ ਫੇਰ ਉਨ੍ਹਾਂ ਦੇ ਹੱਲ ਲਈ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਕਰਨ ਲਈ ਕਿਸਾਨਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਨੂੰ ਇੰਨ ਸੀਟੂ ਤੇ ਐਕਸ ਸੀਟੂ ਦੋਵਾਂ ਤਕਨੀਕਾਂ ਨਾਲ ਪਰਾਲੀ ਪ੍ਰਬੰਧਨ ਕਰਨ ਲਈ ਪੂਰਨ ਸਹਿਯੋਗ ਕਰੇਗਾ। ਉਨ੍ਹਾਂ ਪਿੰਡ ਬੰਡਾਲਾ ਤੇ ਤਾਰਾਗੜ੍ਹ ਦੇ ਕਿਸਾਨਾਂ ਨੂੰ ਕਿਹਾ ਕਿ ਐਕਸ ਸੀਟੂ ਰਾਹੀਂ ਪਰਾਲੀ ਪ੍ਰਬੰਧਨ ਕਰਨ ਲਈ ਬੇਲਰ ਤੇ ਇੰਨ ਸੀਟੂ ਲਈ ਲੋੜੀਂਦੀ ਮਸ਼ੀਨਰੀ ਸਮੇਂ ਸਿਰ ਉਪਲਬੱਧ ਕਰਵਾਈ ਜਾਵੇਗੀ। ਇਸ ਮੌਕੇ ਕਿਸਾਨਾਂ ਨੇ ਵੀ ਇਸ ਵਾਰ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਅਹਿਦ ਲਿਆ। ਡਿਪਟੀ ਕਮਿਸ਼ਨਰ ਨੇ ਦੋਵੇਂ ਪਿੰਡਾਂ ਦੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਇਸ ਵਾਰ ਡੈਮੋ ਦੇ ਤੌਰ 'ਤੇ 25 ਤੋਂ 30 ਏਕੜ ਰਕਬੇ 'ਚ ਸਰਫੇਸ ਸੀਡਰ ਨਾਲ ਕਣਕ ਦੀ ਬਿਜਾਈ ਜ਼ਰੂਰ ਕਰਨ। ਉਨ੍ਹਾਂ ਕਿਹਾ ਕਿ ਨਵੀਂਆਂ ਤਕਨੀਕਾਂ ਦੀ ਵਰਤੋਂ ਕਰਕੇ ਪਰਾਲੀ ਦਾ ਨਿਪਟਾਰਾ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾ ਕੇ ਖਤਮ ਕਰਨਾ ਕੋਈ ਸਮੱਸਿਆ ਦਾ ਹੱਲ ਨਹੀਂ ਹੈ। ਇਸ ਨਾਲ ਅਸੀਂ ਖੇਤਾਂ ਨੂੰ ਤਾਂ ਰਹਿੰਦ ਖੂੰਹਦ ਤੋਂ ਖਾਲੀ ਕਰ ਦਿੰਦੇ ਹਾਂ, ਪਰ ਵਾਤਾਵਰਣ ਨੂੰ ਦੂਸ਼ਿਤ ਕਰਕੇ ਆਪਣੇ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਕਈ ਬਿਮਾਰੀਆਂ ਦਾ ਸ਼ਿਕਾਰ ਬਣਾ ਲੈਂਦੇ ਹਾਂ। ਇਸ ਮੌਕੇ ਐਸ.ਐਸ.ਪੀ. ਦਿਹਾਤੀ ਸ: ਚਰਨਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਸੁਪਰੀਮ ਕੋਰਟ ਨੇ ਆਦੇਸ਼ਾਂ ਵਿੱਚ ਅੱਗ ਲੱਗਣ ਵਾਲੇ ਇਲਾਕੇ ਦੇ ਥਾਣਾ ਮੁੱਖੀ ਨੂੰ ਇਸ ਲਈ ਜਿੰਮੇਵਾਰ ਕਰਾਰ ਦਿੱਤਾ ਹੈ ਉਨਾਂ ਕਿਹਾ ਕਿ ਪਰਾਲੀ ਨੂੰ ਅੱਗ ਲੱਗਣ ਤੇ ਸਬੰਧਤ ਥਾਣਾ ਮੁੱਖੀ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਜੇਕਰ ਕੋਈ ਕਿਸਾਨ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ ਵੀ ਦਰਜ ਕੀਤੀ ਜਾਵੇਗੀ। ਇਸ ਮੌਕੇ ਬਲਾਕ ਅਫਸਰ ਡਾ ਭੁਪਿੰਦਰ ਸਿੰਘ ਅਤੇ ਸਰਕਲ ਇੰਚਾਰਜ ਡਾ. ਬਲਜਿੰਦਰ ਸਿੰਘ, ਪਿੰਡ ਦੇ ਅਗਾਂਹ ਵਧੂ ਕਿਸਾਨ ਜੁਝਾਰ ਸਿੰਘ ਸਰਪੰਚ ਬੰਡਾਲਾ , ਜਰਮਨਜੀਤ ਸਿੰਘ ਕਿਸਾਨ ਆਗੂ ਬਲਜਿੰਦਰ ਸਿੰਘ ਜਗੀਰਦਾਰ ,ਨਿਰਵੈਰ ਸਿੰਘ ਸਰਪੰਚ ਸੁੱਖੇਵਾਲ ਅੰਗਰੇਜ਼ ਸਰਪੰਚ ਗੁਨੋਵਾਲਹਵੇਲੀਆਂ ਹਰਜਿੰਦਰ ਸਿੰਘ ਨੰਬਰਦਾਰ ਹਰਦੀਪ ਸਿੰਘ ਨਵੀਂ ਅਬਾਦੀ, ਤਰਸੇਮ ਸਿੰਘ ਡਾਕਟਰ ਚਮਕੌਰ ਸਿੰਘ ਰਾਜਵੀਰ ਸਿੰਘ ਨਵਾਂ ਪਿੰਡ ਆਦਿ ਹਾਜ਼ਰ ਸਨ।

# 'ਖਾਲਸਾ ਕਾਲਜ ਮਹਿਤਾ' ਦੀ ਵਿਦਿਆਰਥਣ ਨੇ ਯੂਨੀਵਰਸਿਟੀ ਮੈਰਿਟ 'ਚ ਮਾਰੀਆਂ ਮੱਲਾਂ



**ਚੌਕ ਮਹਿਤਾ, 12 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪ੍ਰਧਾਨ ਸੰਤ ਸਮਾਜ ਜੀ ਦੀ ਰਹਿਨੁਮਾਈ ਹੇਠ ਚੱਲ ਰਹੀ ਵਿੱਦਿਅਕ ਸੰਸਥਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੀ ਹੋਣਹਾਰ ਵਿਦਿਆਰਥਣ ਹਰਮਨਜੋਤ ਕੌਰ ਸਪੁੱਤਰੀ ਸਰਦਾਰ ਕੁਲਦੀਪ ਸਿੰਘ ਨਿਵਾਸੀ ਅਰਜਨ ਮਾਂਗਾ ਨੇ ਆਪਣੀ ਬੀ.ਏ ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਧੀਨ ਮੁਕੰਮਲ ਕਰ ਰਹੀ ਹੈ। ਹਰਮਨਜੋਤ ਦੀ ਡਿਗਰੀ ਦੌਰਾਨ ਵਧੀਆ ਕਾਰਗੁਜ਼ਾਰੀ ਅਤੇ ਕਠੋਰ ਮਿਹਨਤ ਦਾ ਉਸ ਨੂੰ ਬਹੁਤ ਮਿੱਠਾ ਫਲ ਮਿਲਿਆ। ਯੂਨੀਵਰਸਿਟੀ ਵਿੱਚ ਉਸਨੇ 85% ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚ ਪਹਿਲਾ ਦਰਜਾ ਹਾਸਲ ਕੀਤਾ ਅਤੇ ਨਾਲ ਹੀ ਯੂਨੀਵਰਸਿਟੀ ਵੱਲੋਂ ਵਿਦਿਆਰਥਣ ਨੂੰ ਵਜ਼ੀਫਾ ਦਿੱਤਾ ਜਾ ਰਿਹਾ ਹੈ। ਵਿਦਿਆਰਥਣ ਦੀ ਸ਼ਲਾਘਾ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥਣ ਦਾ ਮੂੰਹ ਮਿੱਠਾ ਕਰਵਾਇਆ ਅਤੇ ਕਿਹਾ ਕਿ ਅਜਿਹੇ ਵਿਦਿਆਰਥੀਆਂ ਦੀ ਕਾਬਲੀਅਤ ਸਦਕਾ ਹੀ ਉਹਨਾਂ ਦੇ ਮਾਪਿਆਂ ,ਅਧਿਆਪਕਾਂ ਅਤੇ ਸੰਸਥਾ ਦਾ ਨਾਮ ਰੋਸ਼ਨ ਹੁੰਦਾ ਹੈ। ਇਸ ਮੌਕੇ 'ਤੇ ਉਹਨਾਂ ਨੇ ਸਮੂਹ ਪ੍ਰੋਫੈਸਰ ਸਾਹਿਬਾਨਾਂ ਨੂੰ ਮੁਬਾਰਕਬਾਦ ਦਿੱਤੀ, ਜਿੰਨਾਂ ਦੀ ਬਦੌਲਤ ਹਰ ਸਾਲ ਵਿਦਿਆਰਥੀ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਨਾਮ ਦਰਜ ਕਰਾ ਰਹੇ ਹਨ ਅਤੇ ਦਿਨ-ਬ-ਦਿਨ ਤਰੱਕੀ ਦੀ ਪੌੜੀ ਚੜ ਰਹੇ ਹਨ। ਇਸ ਤੋਂ ਇਲਾਵਾ ਕੁਲਦੀਪ ਕੌਰ, ਮਨਜੀਤ ਕੌਰ, ਗੁਰਵਿੰਦਰ ਕੌਰ, ਗੁਰਸ਼ਰਨਪ੍ਰੀਤ ਕੌਰ, ਸੁਪ੍ਰੀਤ ਕੌਰ, ਰੁਪਿੰਦਰ ਕੌਰ ,ਨਵਨੀਤ ਕੌਰ, ਪੂਰਤੀ, ਸੁਖਮਨਦੀਪ ਕੌਰ ,ਰੇਨੂਕਾ ,ਕੁਲਜੀਤ ਕੌਰ, ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥਣ ਨੂੰ ਵਧਾਈ ਦਿੰਦਿਆਂ ਹੋਇਆਂ ਭਵਿੱਖ ਵਿੱਚ ਹੋਰ ਮਿਹਨਤ ਕਰਕੇ ਬੁਲੰਦੀਆਂ ਛੂਹਣ ਲਈ ਦੁਆਵਾਂ ਦਿੱਤੀਆਂ।

# ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਜੋਤੀ ਬਾਲਾ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

ਜੰਡਿਆਲਾ ਗੁਰੂ 12 ਸਤੰਬਰ ( ਕੁਲਵੰਤ ਸਿੰਘ ਵਿਰਦੀ) , ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਅਤੇ ਡਿਪਟੀ ਕਮਿਸ਼ਨਰ ਸ੍ਰੀ ਘਣਸ਼ਾਮ ਥੋਰੀ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ "ਆਪ ਦੀ ਸਰਕਾਰ ਆਪ ਦੇ ਦੁਆਰ" ਤਹਿਤ ਹਰ ਹਫ਼ਤੇ ਵੱਖ-ਵੱਖ ਥਾਵਾਂ 'ਤੇ ਆਮ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਅਤੇ ਜਿਲ੍ਹਾ ਪ੍ਰਸ਼ਾਸਨ ਲੋਕਾਂ ਦੀ ਸੇਵਾ ਲਈ ਹਮੇਸ਼ਾ ਹੀ ਤੱਤਪਰ ਹੈ 9 ਅੱਜ ਰਾਜਾਸਾਂਸੀ ਕਮਿਊਨਿਟੀ ਹਾਲ ਵਿਖੇ ਲੱਗਾਏ ਗਏ ਕੈਂਪ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਜੋਤੀ ਬਾਲਾ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਲੋਕਾਂ ਦੀਆਂ ਮੁਸ਼ਿਕਲਾਂ ਨੂੰ ਸੁਣਿਆ। ਉਨਾਂ ਕਿਹਾ ਕਿ ਲੋਕਾਂ ਨੂੰ ਹੁਣ ਦਫ਼ਤਰਾਂ ਦੇ ਚੱਕਰ ਮਾਰਨ ਦੀ ਲੋੜ ਨਹੀਂ ਹੈ ਅਤੇ ਉਨਾਂ ਦੇ ਘਰ ਦੇ ਨੇੜੇ ਹੀ ਕੈਂਪ ਲਗਾ ਕੇ ਸਾਰੀਆਂ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਜਿਸ ਨਾਲ ਉਨਾਂ ਦੇ ਪੈਸੇ ਅਤੇ ਸਮੇਂ ਦੋਵਾਂ ਦੀ ਬਚਤ ਹੋ ਰਹੀ ਹੈ। ਉਨਾਂ ਨੇ ਕਿਹਾ ਕਿ 'ਆਪ ਦੀ ਸਰਕਾਰ ਆਪ ਦੇ ਘਰ' ਮੁਹਿੰਮ ਤਹਿਤ ਆਮ ਲੋਕਾਂ ਦੀਆਂ ਸਮੱਸਿਆਵਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਇੱਕੋ ਛੱਤ ਹੇਠ ਨਾ ਸਿਰਫ਼ ਸੁਣੀਆਂ ਜਾਂਦੀਆਂ ਹਨ ਸਗੋਂ ਮੌਕੇ 'ਤੇ ਹੀ ਹੱਲ ਵੀ ਕੀਤਾ ਜਾਂਦਾ ਹੈ, ਜਿਸ ਨਾਲ ਆਮ ਲੋਕਾਂ ਨੂੰ ਕਾਫੀ ਮਦਦ ਮਿਲਦੀ ਹੈ। ਇਸ ਮੌਕੇ ਐਸ.ਡੀ.ਐਮ. ਲੋਪੋਕੇ ਮੈਡਮ ਅਮਨਦੀਪ ਘੁੰਮਣ ਨੇ ਦੱਸਿਆ ਕਿ ਕੈਂਪ ਵਿੱਚ ਸਰਕਾਰੀ ਸੇਵਾਵਾਂ ਲੈਣ ਲਈ 130 ਵਿਅਕਤੀਆਂ ਵਲੋਂ ਆਪਣੀਆਂ ਅਰਜੀਆਂ ਦਿੱਤੀਆਂ ਗਈਆਂ ਸਨ ਅਤੇ ਮੌਕੇ ਤੇ ਹੀ 119 ਵਿਅਕਤੀਆਂ ਨੂੰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ। ਉਨਾਂ ਦੱਸਿਆ ਕਿ ਇਸ ਮੌਕੇ ਦੋ ਸ਼ਿਕਾਇਤਾਂ ਵੀ ਪ੍ਰਾਪਤ ਹੋਈਆਂ, ਜਿਨ੍ਹਾਂ ਦੇ ਹੱਲ ਲਈ ਸਬੰਧਤ ਵਿਭਾਗ ਨੂੰ ਭੇਜ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਸ਼ੇਸ਼ ਕੈਂਪਾਂ ਦੇ ਆਯੋਜਨ ਕਾਰਨ ਲੋਕਾਂ ਨੂੰ ਵੱਖ-ਵੱਖ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਮਾਲ ਵਿਭਾਗ, ਸਿਹਤ ਵਿਭਾਗ ਤੋਂ ਇਲਾਵਾ ਪੈਨਸ਼ਨ, ਅਪੰਗਤਾ ਸਰਟੀਫਿਕੇਟ, ਛੱਪੜਾਂ ਅਤੇ ਗਲੀਆਂ ਵਿੱਚੋਂ ਪਾਣੀ ਦੀ ਨਿਕਾਸੀ, ਨਗਰ ਨਿਗਮ ਦੇ ਜਨਮ ਮੌਤ ਸਰਟੀਫਿਕੇਟ, ਪੀਣ ਵਾਲੇ ਪਾਣੀ ਅਤੇ ਵਿਕਾਸ ਕਾਰਜਾਂ ਸਬੰਧੀ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਹਰੇਕ ਲਾਭਪਾਤਰੀ ਨੂੰ ਸਰਕਾਰ ਅਤੇ ਸਬੰਧਤ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਾਰੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਕੋਈ ਵੀ ਲਾਭਪਾਤਰੀ ਕਿਸੇ ਵੀ ਸਹੂਲਤ ਤੋਂ ਵਾਂਝਾ ਨਾ ਰਹੇ।





# ਗੁੰਮਸ਼ੁਦਾ ਦੀ ਤਲਾਸ਼

ਪਿੰਡ ਕਹੇਰੂ ਜ਼ਿਲ੍ਹਾ ਸੰਗਰੂਰ ਤਰਕਸ਼ੀਲ ਧੂਰੀ ਬੱਚਾ ਅਰਸ਼ਦੀਪ ਉਮਰ 15 ਸਕੂਲ ਜਹਾਂਗੀਰ ਕਹੇਰੂ ਪਿਤਾ ਦਾ ਨਾਂ ਬਬਲੀ ਸਿੰਘ ਮਾਤਾ ਦਾ ਨਾਮ ਮੰਜੂ ਕੋਰ । 4 ਸਤੰਬਰ ਨੂੰ ਸਕੂਲ ਤੋਂ ਵਾਪਿਸ ਘਰ ਨਹੀਂ ਆਇਆ। ਜੇਕਰ ਕਿਸੇ ਨੇ ਦੇਖਿਆ ਹੋਵੇ ਇਸ ਨੰਬਰ ਤੇ ਦੱਸਿਆ ਜਾਵੇ ਜੀ।

**ਮੋਬਾਈਲ ਨੰਬਰ**
**6239028523**

ਆਵਾਜ਼ਿ ਕੌਮ AWAZE QAUM International Newspaper & WEB TV